International Journal of Applied Research 2020; 6(3): 172-178




**ISSN Print:** 2394-7500
**ISSN Online:** 2394-5869
**Impact Factor:** 5.2
IJAR 2020; 6(3): 172-178
www.allresearchjournal.com
Received: 26-01-2020
Accepted: 28-02-2020

**ਡਾ ਨਵਦੀਪ ਕੌਰ**
ਐਸੋਸੀਏਟ ਪ੍ਰੋਫੈਸਰ (ਪੰਜਾਬੀ)
ਪੰਜਾਬੀ ਯੂਨੀਵਰਸਿਟੀ
ਰਿਜਨਲ ਸੈਂਟਰ, ਬਠਿੰਡਾ,
ਪੰਜਾਬ, ਭਾਰਤ

# ਬਾਲ ਮਨ ਦੀ ਸਿਰਜਣਾ ਵਿੱਚ ਪੰਜਾਬੀ ਬਾਲ ਨਾਟਕ ਦੀ ਭੂਮਿਕਾ

**ਡਾ ਨਵਦੀਪ ਕੌਰ**

## ਪ੍ਰਸਤਾਵਨਾ

ਮਾਨਵਵਾਦੀ ਸਮਾਜ ਦੀ ਵੇਦਾਂ ਅਤੇ ਗ੍ਰੰਥਾਂ ਵਿੱਚ ਕਲਪਨਾ ਕੀਤੀ ਗਈ ਹੈ, ਜਿਹੜਾ ਸਦਾਚਾਰਕ ਕਦਰਾਂ ਕੀਮਤਾਂ ਨਾਲ ਭਰਪੂਰ ਹੁੰਦਾ ਹੈ। ਸਦਾਚਾਰ ਤੋਂ ਭਾਵ ਨੈਤਿਕ ਅਤੇ ਮਾਨਵੀ ਕਦਰਾਂ ਕੀਮਤਾਂ ਜੋ ਕਿ ਇੱਕ ਸੁਚੱਜਾ ਸਮਾਜ ਵਿਕਸਤ ਕਰਨ ਲਈ ਲਾਜਮੀ ਹਨ। ਸਮਾਜ ਅਤੇ ਮਨੁੱਖ ਦਾ ਅਟੁੱਟ ਰਿਸ਼ਤਾ ਹੈ ਜਿੱਥੇ ਸਾਹਿਤ ਸਮਾਜ ਦਾ ਦਰਪਨ ਹੋ ਨਿਬੜਦਾ ਹੈ। ਇਕ ਸਾਇੰਸਦਾਨ ਵਾਂਗ ਸਾਹਿਤਕਾਰ ਵੀ ਸੁਚੱਜੇ ਸਮਾਜ ਸਿਰਜਣ ਅਤੇ ਵਿਅਕਤੀ ਦੀ ਸ਼ਖਸੀਅਤ ਉਭਾਰਨ ਵਿਚ ਸਾਰਥਕ ਭੂਮਿਕਾ ਨਿਭਾ ਸਕਦਾ ਹੈ ਪੰਜਾਬੀ-ਭਾਸ਼ਾ, ਸਾਹਿਤ ਦੀ ਅਮੀਰ ਪਰੰਪਰਾ ਮੱਧ ਕਾਲ ਤੋਂ ਚਲੀ ਆ ਰਹੀ ਹੈ ਜਿਸ ਵਿੱਚ ਵੱਖ-ਵੱਖ ਸਾਹਿਤ ਰੂਪ ਵਿਕਸਤ ਹੋਏ ਹਨ ਜਿਨ੍ਹਾਂ ਵਿਚੋਂ ਨਾਟਕ ਦੂਹਰੇ ਰੂਪ ਦੀ ਵਿਧਾ ਹੈ। ਇਹ ਪਾਠਕ ਅਤੇ ਦਰਸ਼ਕ ਦੋਹਾਂ ਲਈ ਆਪਣੀ ਅਹਿਮ ਭੂਮਿਕਾ ਨਿਭਾਉਂਦਾ ਹੈ। ਬਾਲ ਨਾਟਕ ਅਜਿਹਾ ਹੀ ਇੱਕ ਰੂਪ ਹੈ ਜਿਹੜਾ ਬਾਲ ਕੋਮਲ ਹਿਰਦੇ ਤੱਕ ਆਪਣੀ ਪਹੁੰਚ ਬਣਾਉਂਦਾ ਹੈ। ਬਾਲ ਨਾਟਕਾਂ ਨੇ ਪੰਜਾਬੀ ਨਾਟਕ ਦੀਆਂ ਹੁਣ ਤੱਕ ਵਿਕਸਤ ਹੋਈਆਂ ਨਾਟ ਪੀੜ੍ਹੀਆਂ ਦੇ ਅੰਤਰਗਤ ਵਿਕਾਸ ਕੀਤਾ ਜਿਨ੍ਹਾਂ ਦੇ ਪ੍ਰਮੁੱਖ ਵਿਸ਼ੇ ਉਪਦੇਸ਼ਾਤਮਕ ਹਨ। ਬੱਚਿਆਂ ਨੂੰ ਵਾਤਾਵਰਨ ਦੀ ਸਿੱਖਿਆ, ਨੈਤਿਕ ਕਦਰਾਂ ਕੀਮਤਾਂ ਅਤੇ ਸਮਾਜ ਦੇ ਯਥਾਰਥਕ ਵਿਵਹਾਰ ਨਾਲ ਉਨ੍ਹਾਂ ਦਾ ਟਕਰਾਅ, ਭਾਵ ਮਾਨਸਿਕ ਲੋੜਾਂ ਮੁਤਾਬਕ ਬਾਲ ਨਾਟਕ ਆਪਣੇ ਕਥਾਨਕ ਚੁਣਦਾ ਰਿਹਾ ਹੈ। ਪੰਜਾਬੀ ਨਾਟਕਕਾਰਾਂ ਨੇ ਬੱਚਿਆਂ ਨੂੰ ਨੈਤਿਕ ਸਿੱਖਿਆ ਦੇਣ ਤੋਂ ਇਲਾਵਾ ਅਜਿਹੇ ਬਾਲ ਨਾਟਕਾਂ ਦੀ ਸਿਰਜਣਾ ਕੀਤੀ ਹੈ ਜਿਹੜੇ ਉਨ੍ਹਾਂ ਦੇ ਜੀਵਨ ਵਿੱਚ ਮਾਨਵੀ ਕਦਰਾਂ ਕੀਮਤਾਂ ਦਾ ਵਿਕਾਸ ਕਰ ਸਕਦੇ ਹਨ। ਇਸ ਪਰਚੇ ਵਿੱਚ ਮਾਨਵਵਾਦੀ ਸਮਾਜ ਸਿਰਜਣ ਵਿਚ ਬਾਲ ਨਾਟਕ ਦੀ ਭੂਮਿਕਾ ਰਹੀ ਹੈ ਅਤੇ ਬੱਚਿਆਂ ਦੀ ਸ਼ਖਸੀਅਤ ਉਭਾਰਨ ਵਿੱਚ ਇਹ ਕਿੱਥੋਂ ਤੱਕ ਸਾਰਥਕ ਹੋ ਸਕਦਾ ਹੈ ਬਾਰੇ ਵਿਸਤ੍ਰਤ ਅਧਿਐਨ ਸ਼ਾਮਲ ਹੈ।

ਮਨੁੱਖ ਬਾਲਪਨ ਤੋਂ ਲੈ ਕੇ ਮੌਤ ਤੱਕ ਸਮਾਜਿਕ ਪ੍ਰਬੰਧਾਂ ਅਧੀਨ ਵਿਚਰਦਾ ਹੈ । ਸਮਾਜ ਇੱਕ ਅਜਿਹਾ ਸਮੂਹ ਹੈ ਜਿਸ ਵਿੱਚ ਵਿਚਰਦੇ ਲੋਕਾਂ ਦੀਆਂ ਸਰੀਰਕ ਮਾਨਸਿਕ ਭਾਵਨਾਤਮਕ ਲੋੜਾਂ ਸਮਾਨ ਹੁੰਦੀਆਂ ਹਨ। ਜਿਵੇਂ ਬੂੰਦ ਬੂੰਦ ਨਾਲ ਸਾਗਰ ਦੀ ਹੋਂਦ ਸੰਭਵ ਹੈ ਉਸ ਤਰਾਂ ਹੀ ਵਿਅਕਤੀ ਮਿਲ ਕੇ ਇੱਕ ਆਦਰਸਿਕ, ਸੁਚੱਜੇ ਅਤੇ ਸਦਾਚਾਰਕ ਸਮਾਜ ਦੀ ਸਿਰਜਣਾ ਕਰਦੇ ਹਨ।ਸਦਾਚਾਰ ਲਈ ਨੈਤਿਕਤਾ ਸਬਦ ਵਰਤਿਆ ਜਾਂਦਾ ਹੈ ਜਿਹੜਾ ਅੰਗਰੇਜ਼ੀ ਦੇ ਸ਼ਬਦ Morality ਦਾ ਅਨੁਵਾਦ ਹੈ ਜਿਸ ਤੋਂ ਭਾਵ ਮਨੁੱਖੀ ਆਚਾਰ ਨਾਲ ਸਬੰਧਤ ਸਿਧਾਂਤ ਜਾਂ ਵਿਚਾਰਾਂ ਦਾ ਪ੍ਰਬੰਧ ਹੈ।[1] ਜਿਸ ਤਰ੍ਹਾਂ ਮਨੁੱਖ ਤੇ ਸਮਾਜ ਅਟੁੱਟ ਹਨ ਉਸੇ ਪ੍ਰਕਾਰ ਹੀ ਮਾਨਵਵਾਦੀ ਆਦਰਸਿਕ ਸਮਾਜ ਵਿਚਲੇ ਨਿਯਮਾਂ ਪ੍ਰਤੀ ਹਰ ਇੱਕ ਵਿਆਕਤੀ ਦਾ ਸੁਚੇਤ ਹੋਣਾ ਲਾਜ਼ਮੀ ਬਣ ਜਾਂਦਾ ਹੈ। ਅਜਿਹਾ ਸਮਾਜ ਇਸ ਦੀ ਕਲਪਨਾ ਧਾਰਮਿਕ ਵੇਦਾ ਗ੍ਰੰਥਾਂ ਵਿੱਚ ਦਰਸਾਈ ਗਈ ਹੈ।

**Corresponding Author:**
**ਡਾ ਨਵਦੀਪ ਕੌਰ**
ਐਸੋਸੀਏਟ ਪ੍ਰੋਫੈਸਰ (ਪੰਜਾਬੀ)
ਪੰਜਾਬੀ ਯੂਨੀਵਰਸਿਟੀ
ਰਿਜਨਲ ਸੈਂਟਰ, ਬਠਿੰਡਾ,
ਪੰਜਾਬ, ਭਾਰਤ

ਈਰਖਾ, ਵੈਰ, ਵਿਰੋਧ, ਝੂਠ, ਜਾਤਪਾਤ ਦਾ ਭੇਦਭਾਵ ਆਦਿ ਮਨੁੱਖ ਦੇ ਵੈਰੀ ਹਨ। ਦੂਜੇ ਪਾਸੇ ਵਿਅਕਤੀ ਨੂੰ ਜੀਵਨ ਦੀ ਸਾਰਥਿਕਤਾ ਸਮਝਾਉਣ ਹਿੱਤ ਧਰਮ, ਨੈਤਿਕਤਾ ਦੀ ਸਿੱਖਿਆ ਉਸ ਦੇ ਜੀਵਨ ਦੀ ਸਹੀ ਦਿਸ਼ਾ ਨਿਰਧਾਰਿਤ ਕਰਦੇ ਹਨ। ਮਨੁੱਖ ਆਪਣਾ ਸੁਭਾਅ ਜਾ ਵਿਵਹਾਰ ਜਨਮ ਤੋਂ ਨਾਲ ਨਹੀਂ ਲੈ ਕੇ ਆਉਂਦਾ ਸਗੋਂ ਸਮਾਜਿਕ ਇਕਾਈਆਂ ਸਕੂਲ ਕਾਲਜ, ਅਧਿਅਕਪਕ, ਆਲਾ ਦੁਆਲਾ ਮਨੁੱਖੀ ਵਿਵਹਾਰ ਨੂੰ ਨਿਰਧਾਰਿਤ ਕਰਦੇ ਹਨ। ਜਿਸ ਤਰ੍ਹਾਂ ਸਮਾਜ ਅਤੇ ਵਿਆਕਤੀ ਅਟੁੱਟ ਹਨ। ਉਸੇ ਪ੍ਰਕਾਰ ਹੀ ਸਾਹਿਤ ਸਮਾਜਿਕ ਜ਼ਿੰਦਗੀ ਨਾਲ ਜੁੜਿਆ ਹੋਇਆ ਹੈ। ਕਿਉਂਕਿ ਇਕ ਸਾਹਿਤਕਾਰ ਆਪਣੀਆਂ ਰਚਨਾਵਾਂ ਵਿੱਚ ਮਨੁੱਖੀ ਜੀਵਨ ਵਿੱਚ ਵਾਪਰੀਆਂ ਘਟਨਾਵਾਂ ਦੀ ਪੇਸ਼ਕਾਰੀ ਕਰਦਾ ਹੈ ਜਿਸ ਕਾਰਨ ਸਾਹਿਤ ਸਮਾਜ ਵਿੱਚ ਵਾਪਰਨ ਵਾਲੀਆਂ ਘਟਨਾਵਾਂ ਦਾ ਚਿਤਰਨ ਹੋ ਨਿਬੜਦਾ ਹੈ। ਪ੍ਰਸਿੱਧ ਪੱਛਮੀਂ ਅਲੋਚਕ ਡਬਲਿਊ ਐੱਚ ਹਡਸਨ ਨੇ ਸਾਹਿਤ ਨੂੰ ਸਮਾਜ ਦਾ ਦਰਪਣ ਆਖਿਆ ਹੈ। ਉਸ ਅਨੁਸਾਰ ਸਾਹਿਤ ਇੱਕ ਅਜਿਹੀ ਮਹੱਤਵਪੂਰਨ ਵਸਤੂ ਹੈ ਜੋ ਮਨੁੱਖੀ ਜੀਵਨ ਤੇ ਇਸ ਦੀ ਕਾਰਜਸ਼ੀਲਤਾ ਨੂੰ ਪੇਸ਼ ਕਰਦੀ ਹੈ ਉਸ ਦੇ ਸ਼ਬਦਾਂ ਵਿੱਚ ਸਾਹਿਤ ਮਨੁੱਖੀ ਜੀਵਨ ਦੇ ਮਹਾਨ ਨਾਟਕ ਤੇ ਕਾਰਜ ਨਾਲ ਵਾਬਸਤਾ ਹੈ ।[2]

ਪ੍ਰੋਫੈਸਰ ਕ੍ਰਿਸ਼ਨ ਸਿੰਘ ਦੇ ਸ਼ਬਦਾਂ ਅਨੁਸਾਰ ਮਨੁੱਖ ਦੇ ਸਾਹਮਣੇ ਸਵਾਲ ਦੁਨੀਆਂ ਨੂੰ ਹੀ ਸਮਝਣ ਦਾ ਹੀ ਨਹੀਂ ।ਆਪਦੀ ਜ਼ਿੰਦਗੀ ਲਈ ਬਿਹਤਰੀ ਵਾਸਤੇ ਉਸ ਨੂੰ ਬਦਲਣ ਤੇ ਕੰਮ ਕਰਨ ਦਾ ਵੀ ਹੈ । ਆਪਦੀ ਜ਼ਿੰਦਗੀ ਦੀ ਰਾਖੀ ਤੇ ਉੱਨਤੀ ਵਾਸਤੇ ਮਨੁੱਖ ਦੇ ਹੱਥ ਵਿੱਚ ਸਾਇੰਸ ਤੇ ਕਲਾ ਦੇ ਹਥਿਆਰ ਹਨ। ਭਾਂਵੇ ਇਹਨਾਂ ਦੇ ਤਰੀਕੇ ਤਕਨੀਕ ਤੇ ਕੰਮ ਕਰਨ ਦੇ ਮੈਦਾਨ ਵੱਖਰੇ ਹਨ, ਅੰਤ ਵਿੱਚ ਦੋਹਾਂ ਦਾ ਮਨੋਰਥ ਜਿੰਦਗੀ ਦੀ ਜਦੋ ਜਹਿਦ ਵਿੱਚ ਮਨੁੱਖ ਦਾ ਸਹਾਈ ਹੋਣਾ ਹੈ। ਸਾਇੰਸ ਦਾਨ ਵਾਂਗ ਸਾਹਿਤਕਾਰ ਦਾ ਫਰਜ ਹੈ ਕਿ ਸਾਹਿਤਕ ਰਚਨਾਂ ਰਾਹੀਂ ਮਨੁੱਖ ਨੂੰ ਆਪਣੇ ਆਪ ਤੇ ਸਮਾਜ ਬਾਬਦ ਸੂਝ ਵਧਾ ਕੇ ਜ਼ਿੰਦਗੀ ਤੇ ਕਾਬੂ ਪਾਉਣ ਦਾ ਵਸੀਲਾ ਬਣੇ। ਮਨੁੱਖ ਨੂੰ ਜੀਵਨ ਜਾਚ ਸਿਖਾਵੇ।[3]

ਸਾਹਿਤ ਸਮਾਜਿਕ ਜਿੰਦਗੀ ਦੀ ਬਹਿਤਰੀ ਲਈ ਚਾਨਣ ਮੁਨਾਰੇ ਦਾ ਕੰਮ ਕਰ ਸਕਦਾ ਹੈ। ਪੰਜਾਬੀ ਭਾਸ਼ਾ ਅਤੇ ਸਾਹਿਤ ਦੀ ਅਮੀਰ ਪਰੰਪਰਾ ਹੈ । ਜਿਹੜੀ ਮੱਧਕਾਲ ਤੋਂ ਆਧੁਨਿਕ ਕਾਲ ਤੱਕ ਚਲਦੀ ਆ ਰਹੀ ਹੈ। ਸਮੇਂ ਸਮੇਂ ਅਨੇਕਾਂ ਸਾਹਿਤ ਰੂਪ ਵਿਕਸਤ ਹੋਏ ਨਾਵਲ, ਨਾਟਕ, ਕਹਾਣੀ, ਕਵਿਤਾ, ਵਾਰਤਕ ਆਦਿ, । ਪਰ ਨਾਟਕ ਇੱਕ ਮਹੱਤਵਪੂਰਨ ਵਿਧਾ ਹੈ । ਕਿਉਂਕਿ ਬਾਕੀ ਸਾਹਿਤ ਰੂਪਾਂ ਵਾਂਗ ਇਹ ਇਕਹਿਰੀ ਹੋਂਦ ਦਾ ਧਾਰਨੀ ਨਹੀਂ ਸਗੋਂ ਦੂਹਰੇ ਰੂਪ ਨਾਲ ਸਾਕਾਰ ਹੁੰਦਾ ਹੈ। ਅਜਿਹਾ ਸਾਹਿਤਕ ਰੂਪ ਜਿਹੜਾ ਪਾਠਕ ਦੀ ਮਾਨਸਿਕਤਾ ਵਿੱਚੋਂ ਨਿਕਲ ਕੇ ਸਮੁੱਚੇ ਦਰਸਕਾਂ ਦੀ ਮਾਨਸਿਕਤਾ ਉੱਤੇ ਪ੍ਰਭਾਵ ਛੱਡ ਜਾਂਦਾ ਹੈ। ਨਾਟਕ ਇੱਕ ਅਜਿਹਾ ਸਾਹਿਤ ਰੂਪ ਹੈ ਜਿਸ ਨੂੰ ਯਕੀਨੀ ਹੀ ਸਮਾਜ ਦਾ ਸੀਸ਼ਾ ਕਹਿਣਾ ਕੋਈ ਅੱਤਕਥਨੀ ਨਹੀਂ ਹੋਵੇਗੀਂ। ਕਿਉਂਕਿ ਇਸ ਵਿੱਚ ਸਮਾਜਿਕ, ਧਾਰਮਿਕ, ਰਾਜਸੀ ਅਤੇ ਮਨੁੱਖੀ ਜੀਵਨ ਵਿੱਚ ਵਾਪਰਨ ਵਾਲੀਆਂ ਸਧਾਰਨ ਤੋਂ ਅਸਧਾਰਨ ਘਟਨਾਵਾਂ ਦੇ ਝਲਕਾਰੇ ਪੈਂਦੇ ਹਨ। ਨਾਟਯ ਸਾਸ਼ਤਰ ਵਿੱਚ ਭਰਤ ਮੁਨੀ ਨੇ ਨਾਟਕ ਨੂੰ ਸੰਸਾਰ ਅਥਵਾ ਮਨੁੱਖ ਦੇ ਵਿਵਹਾਰ ਦਾ ਅਨੁਕਰਨ ਵੀ ਕਿਹਾ ਹੈ ਜੋ ਸੁਵਿਧ ਜਜ਼ਬਿਆ ਨਾਲ ਭਰਪੂਰ ਹੈ।[4]

ਨਾਟਕ ਇਕ ਅਜਿਹੀ ਵਿਧਾ ਹੈ ਜਿਹੜੀ ਵਿਅਕਤੀ ਦੇ ਜੀਵਨ ਵਿੱਚ ਆ ਰਹੇ ਪਰਿਵਤਨਾਂ ਮੁਤਾਬਿਕ ਤਬਦੀਲ ਹੁੰਦੀ ਜਾ ਰਹੀ ਹੈ । ਸਮਕਾਲੀ ਜੀਵਨ ਵਿੱਚ ਆਰਥਿਕ, ਮਨੋਵਿਗਿਆਨਕ ਪਰਿਵਰਤਨ ਆ ਰਹੇ ਹਨ ਜਿਸ ਕਾਰਨ ਜੀਵਨ ਦੀ ਅਭਿਵਿਅਕਤੀ ਕਰਨ ਲਈ ਨਾਟਕ ਦੀਆਂ ਅਨੇਕਾਂ ਸ਼ੈਲੀਆਂ ਨੇ ਜਨਮ ਲਿਆ। ਨਾਟਕ ਸਿਰਫ ਮਨੋਰੰਜਨ ਦਾ ਸਾਧਨ ਹੀ ਨਹੀਂ ਸਗੋ ਲੋਕਾਂ ਨੂੰ ਸਿੱਖਿਆ ਦੇਣ ਦਾ ਯਤਨ ਵੀ ਕਰ ਰਿਹਾ ਹੈ। ਰੰਗਮੰਚ ਵਿੱਚ ਪੇਸ਼ ਹੋਣ ਦਾ ਨਾਟਕ ਮਨੁੱਖੀ ਜੀਵਨ ਦਾ ਪੂਰਨ ਸਿਰਜਣ ਕਰਦਾ ਹੋਇਆ ਮਨੁੱਖ ਨੂੰ ਆਪਾ ਫੋਲਣ ਲਈ ਪ੍ਰੇਰਿਤ ਕਰਦਾ ਹੈ। ਨਾਟਕ ਆਪਣੇ ਮੂਲ ਰੂਪਾਂ ਭਾਵ ਪੂਰਾ ਨਾਟਕ ਅਤੇ ਇਕਾਂਗੀ ਤੋ ਪਾਰ ਜਾਂਦਿਆਂ ਅਨੇਕਾਂ ਵਿਧਾਵਾ ਵਿੱਚੋਂ ਸਾਕਾਰ ਹੋ ਚੁੱਕਾ ਹੈ। ਬਾਲ ਨਾਟਕ ਦੇ ਰੂਪ ਵਿੱਚ ਸਾਕਾਰ ਹੋ ਕੇ ਬਾਲ ਮਨ ਦੀਆਂ ਅਵਸਥਾਵਾਂ ਨੂੰ ਵੀ ਆਪਣੇ ਕਾਲਵੇ ਵਿੱਚ ਸਮਾਈ ਬੈਠਾ ਹੈ। ਬਾਲ ਸਾਹਿਤ ਦੀ ਲਹਿਰ ਅਧੀਨ ਬਾਲ ਨਾਟਕ ਨੇ ਜਨਮ ਲਿਆ । ਬਾਲ ਨਾਟਕ ਬੱਚਿਆਂ ਦੀ ਮਾਨਸਿਕ ਲੋੜਾਂ ਨੂੰ ਧਿਆਨ ਵਿੱਚ ਰੱਖ ਕੇ ਲਿਖਿਆ ਜਾਂਦਾ ਹੈ । ਰਚਨਾਂ ਕਰਨ ਸਮੇਂ ਅਜਿਹੇ ਵਿਸ਼ੇ ਚੁਣੇ ਜਾਂਦੇ ਹਨ। ਜਿਹੜੇ ਉਹਨਾਂ ਨੂੰ ਸਿੱਖਿਆ ਅਤੇ ਮੰਨੋਰੰਜਨ ਪ੍ਰਦਾਨ ਕਰਦੇ ਹੋਏ ਜਰੂਰੀ ਗਿਆਨ ਵੀ ਦਿੰਦੇ ਹਨ। ਬਾਲ ਨਾਟਕ ਸਿਰਫ ਕਿਤਾਬ ਦੇ ਰੂਪ ਵਿੱਚ ਹੀ ਨਹੀਂ ਸਗੋਂ ਸਾਹਿਤਕ ਰੂਪ ਦੇ ਨਾਲ ਨਾਲ ਰੰਗਮੰਚੀ ਵਿਹਾਰ ਰਾਹੀਂ ਬੱਚਿਆ ਤੱਕ ਪਹੁੰਚਣ ਦਾ ਯਤਨ ਕਰ ਰਿਹਾ ਹੈ । ਰਚਨਾ ਕਰਨ ਸਮੇ ਅਜਿਹੇ ਵਿਸ਼ੇ ਚੁਣੇ ਜਾਂਦੇ ਹਨ ਜਿਹੜੇ ਉਹਨਾਂ ਨੂੰ ਖੇਡ ਖੇਡ ਵਿਚ ਨੈਤਿਕ ਸਿੱਖਿਆ ਪ੍ਰਦਾਨ ਕਰ ਸਕਣ । ਸਿਰਫ਼ ਕਿਤਾਬ ਦੇ ਰੂਪ ਵਿਚ ਹੀ ਨਹੀ ਸਗੋ ਸਾਹਿਤਕ ਰੂਪ ਤੋਂ ਇਲਾਵਾ ਰੰਗਮੰਚੀ ਵਿਹਾਰ ਰਾਹੀਂ ਬੱਚਿਆਂ ਦੀਆਂ ਨਾਦਾਨੀਆਂ ਨੂੰ ਸਮਝਦਾਰੀਆਂ ਵਿਚ ਬਦਲਣ ਤੱਕ ਦਾ ਵਸੀਲਾ ਸਿਰਜਦਾ ਹੈ।ਆਧੁਨੀਕ ਰੰਗਮੰਚ ਉੱਤੇ ਖੇਡੇ ਗਏ ਪਹਿਲੇ ਬਾਲ ਨਾਟਕ ਦਾ ਵੇਰਵਾ 1954 ਵਿਚ ਮਿਲਦਾ ਹੈ ਜਦੋ ਸ਼ੰਕਰ ਪਿਲੇ ਵੱਲੋਂ ਲਗਾਈ ਗਈ ਬੱਚਿਆਂ ਦੀ ਕੌਮਾਂਤਰੀ ਚਿਤਰਕਲਾ ਪ੍ਰਦਰਸ਼ਨੀ ਦੇ ਮੌਕੇ ਬਾਲ ਨਾਟਕ ਉਸਤਵ ਵਿਚ ਸਨੇਹਲਤਾ ਸਾਨਿਆਲ ਨੇ ਪੰਜਾਬੀ ਬਾਲ ਨਾਟਕ 'ਬਾਂਦਰ ਦਾ ਵਿਆਹ' ਖੇਡਿਆ। 1954 ਵਿਚ ਪ੍ਰਸਿੱਧ ਕਾਰਟੂਨਿਸ਼ਟ ਪਿਲੇ ਨੇ ਬੱਚਿਆਂ ਦੀ ਕੌਮਾਤਰੀ ਚਿਤਰਕਲਾ ਪ੍ਰਦਰਸ਼ਨੀ ਉੱਤੇ ਇਹ ਨਾਟਕ ਉਸਤਵ ਰਚਿਆ।"[5] ਪੰਜਾਬੀ ਨਾਟਕ ਦੀਆਂ ਅੱਜ ਤੱਕ ਦੀਆਂ ਵਿਕਸਿਤ ਨਾਟ ਪੀੜ੍ਹੀਆਂ ਦੇ ਅੰਤਰਗਤ ਬਾਲ ਨਾਟਕ ਦੀ ਵੱਖਰਾ ਸਥਾਨ ਹੈ। ਪਹਿਲੇ ਦੌਰ ਦਾ ਨਾਟਕ ਜਿਸ ਵਿਚ ਗੁਰਚਰਨ ਸਿੰਘ ਸਾਥੀ, ਦਰਸ਼ਨ ਸਿੰਘ ਅਵਾਰਾ, ਧਨਵੰਤ ਸਿੰਘ ਸ਼ੀਤਲ, ਸ ੍ਰਸ ਅਨਮੋਲ, ਸੋਹਣ ਸਿੰਘ ਸੀਤਲ ਆਦਿ ਨਾਟਕਕਾਰਾਂ ਨੇ ਬਾਲ ਨਾਟਕ ਲਿਖਿਆ ਲੇਕਿਨ ਇਸ ਦੌਰ ਦੇ ਨਾਟਕ ਅਧਿਕਤਰ ਰੂਪ ਵਿਚ ਮੈਗਜ਼ੀਨਾਂ ਦਾ ਹੀ ਸ਼ਿੰਗਾਰ ਬਣੇ ਜਿੰਨ੍ਹਾਂ ਵਿਚੋਂ ਮੋਤੀਆਂ, ਬਾਲਕ, ਬਾਲ ਸੰਦੇਸ਼, ਆਦਿ ਮੈਗਜ਼ੀਨਾਂ ਦਾ ਨਾਂ ਲਿਆ ਜਾ ਸਕਦਾ ਹੈ। ਪੁਸਤਕ ਰੂਪ ਵਿਚ ਪੰਜਾਬੀ ਬਾਲ

ਨਾਟਕ ਦੀ ਪ੍ਰਾਪਤੀ ਇਸ ਦੌਰ ਵਿਚ ਸੰਭਵ ਨਹੀ ਹੋਈ ।6ਪਰ ਅਗਲੇ ਦੌਰ ਦੌਰਾਨ ਸਕੂਲਾਂ ਵਿਚ ਬਾਲ ਨਾਟਕ ਦੀਆਂ ਪੇਸ਼ਕਾਰੀਆਂ ਸੁਰੂ ਹੋਈਆਂ ਅਤੇ '1965 ਤੋਂ ਭਾਸ਼ਾ ਵਿਭਾਗ ਪੰਜਾਬ ਵੱਲੋਂ ਆਰੰਭ ਹੋਏ ਨਾਟਕ ਮੁਕਾਬਲਿਆਂ ਦੇ ਪ੍ਰਤੀ ਉਤਰ ਵਜੋਂ ਪੈਦਾ ਹੋਏ ਬਾਲ ਨਾਟਕ ਦਾ ਉਹ ਦੌਰ ਹੈ ਜਿਸ ਵਿਚ ਕਪੂਰ ਸਿੰਘ ਘੰੁਮਣ, ਸੁਰਜੀਤ ਸਿੰਘ ਸੇਠੀ, ਗੁਰਚਰਨ ਸਿੰਘ ਜ਼ਸੂਜਾ, ਹਰਸਰਨ ਸਿੰਘ ਆਦਿ ਦੂਜੀ ਪੀੜ੍ਹੀ ਦੇ ਪ੍ਰਮੁੱਖ ਨਾਟਕਕਾਰਾਂ ਦਾ ਨਾਂ ਸ਼ਾਮਿਲ ਹੈ। ਪ੍ਰੰਤੂ ਸਕੂਲਾਂ ਅਤੇ ਭਾਸ਼ਾ ਵਿਭਾਗ ਦੀਆਂ ਸਟੇਜਾਂ ਬਾਲਾਂ ਦੇ ਮਨ ਦੇ ਹਾਣ ਦਾ ਥੀਏਟਰ ਸਿਰਜਣਾ ਵਿਚ ਪੂਰੀ ਤਰ੍ਹਾਂ ਕਾਮਯਾਬ ਨਹੀ ਸਨ।7 ਪਰ ਤੀਜੇ ਦੌਰ ਦੌਰਾਨ 1975 ਵਿਚ ਸੰਤੋਸ਼ ਸਾਹਨੀ, ਰਮਾ ਰਤਨ, ਅਸ਼ਵਨੀ ਚੇਟਲੇ ਆਦਿ ਦੇ ਮੁਢਲੇ ਯਤਨਾਂ ਨਾਲ ਬਾਲ ਨਾਟ ਲਹਿਰ ਪੁਰਜ਼ੋਰ ਹੋਈ। ਇਸ ਦੌਰ ਵਿਚ ਜਦੋਂ ਗੁਰਸ਼ਰਨ ਸਿੰਘ ਜਿਹੇ ਮਿਸ਼ਨਰੀ ਰੰਗਕਰਮੀ ਦੀ ਬਦਲੌਤ ਪੰਜਾਬ ਵਿਚ ਥੀਏਟਰ ਲਹਿਰ ਉਸਰ ਰਹੀ ਸੀ ਇਸ ਲਹਿਰ ਦੇ ਸਮਾਨਾਂਤਰ ਰਮਾ ਰਤਨ ਤੇ ਉਸ ਦੇ ਸਾਥੀਆਂ ਨੇ ਬਾਲ ਥੀਏਟਰ ਲਹਿਰ ਉਸਾਰਨ ਦਾ ਬੀੜਾ ਚੁੱਕਿਆ।ਜਿਸ ਵਿਚ ਬਾਅਦ ਵਿਚ ਆਤਮਜੀਤ, ਟੋਨੀ ਬਾਤਿਸ਼, ਗੁਰਸ਼ਰਨ ਸਿੰਘ, ਗੁਰਪਾਲ ਲਿਟ, ਪ੍ਰਾਣ ਸੁਨੀਤਾ, ਸਭਰਵਾਲ, ਬਲਦੇਵ ਸਿੰਘ, ਤਰਲੋਚਨ, ਜਗਦੀਸ਼, ਫਕੀਰ ਚੰਦ ਸ਼ੁਕਲਾ, ਸੁਦਰਸ਼ਨ ਮੈਨੀ, ਕੇਵਲ ਧਾਲੀਵਾਲ, ਸਤੀਸ਼ ਕੁਮਾਰ ਵਰਮਾ ਪੰਮੀ ਵਰਮਾ ਆਦਿ ਨਾਂ ਜੁੜ ਗਏ ਇਸ ਬਾਲ ਥੀਏਟਰ ਦੀ ਉਪਜ ਇਕ ਲਹਿਰ ਨੇ ਪਟਿਆਲਾ, ਚੰਡੀਗੜ, ਲੁਧਿਆਣਾ, ਅੰਮ੍ਰਿਤਸਰ, ਬੰਠਿਡਾ, ਫ਼ਰੀਦਕੋਟ, ਖੰਨਾ, ਸਮਰਾਲਾ, ਆਦਿ ਸ਼ਹਿਰ ਆਪਣੇ ਕਲਾਵੇ ਵਿਚ ਲਏ।[8] ਪੰਜਾਬੀ ਰੰਗਮੰਚ ਦੀ ਆਪਣੀ ਵੱਖਰੀ ਪਛਾਣ ਹੈ । ਰੰਗਮੰਚੀ ਗਤੀ ਵਿਧੀਆਂ ਦੇ ਅਧੀਨ ਸਕੂਲਾਂ ਵਿਚ ਬੱਚਿਆਂ ਦੁਆਰਾ ਅਤੇ ਨਾਟ ਮੰਡਲੀਆਂ ਦਆਰਾ ਵਧੇਰੇ ਬਾਲ ਨਾਟਕ ਪ੍ਰਸਤੁਤ ਕੀਤੇ ਜਾ ਰਹੇ ਹਨ ।ਰੰਗਕਰਮੀ ਕ੍ਰਿਤੀ ਕ੍ਰਿਪਾਲ ਜੀ ਨਾਲ ਹੋਈ ਗੱਲਬਾਤ ਦੌਰਾਨ ਉਹਨਾਂ ਦੱਸਿਆ ਕਿ ਆਪਣੀ ਨਾਟ ਮੰਡਲੀ 'ਨਾਟਯਮ'(ਰਜਿਸਟ੍ਰਡ ਜੈਤੋ) ਰਾਹੀਂ ਉਹ ਅਨੇਕਾਂ ਬਾਲ ਨਾਟਕ ਜਿਵੇਂ 'ਰੱਬਾ ਰੱਬਾ ਮੀਂਹ ਵਰਸਾ' ਦੇ ਤਕਰੀਬਨ 250 ਸ਼ੋਅ ਅਤੇ ਹੋਰ ਨਾਟਕ ਜਿਵੇ 'ਰੱਬ ਜੀ ਥੱਲੇ ਆ ਜਾਉ, ਚੰਦ ਜਦੋਂ ਰੋਟੀ ਲਗਦਾ ਹੈ, ਮਹਿਜ਼ ਤਮਾਸ਼ਾ ਨਹੀ, ਚੈਮਪੀਅਨ ਆਦਿ ਨਾਟਕਾਂ ਦੀ ਸਫ਼ਲ ਪੇਸ਼ਕਾਰੀ ਕਰ ਚੁੱਕੇ ਹਨ । ਬੱਚਿਆਂ ਲਈ ਅਤੇ ਬਾਲ ਕਲਾਕਾਰਾਂ ਦੁਆਰਾ ਕੀਤੇ ਜਾ ਰਹੇ ਨਾਟਕਾਂ ਪ੍ਰਤੀ ਭਰਵਾ ਹੁੰਗਾਰਾ ਮਿਲਿਆ ਜਿਸ ਦੇ ਸਦਕਾ ਆਉਣ ਵਾਲੇ ਸਮੇਂ ਵਿਚ ਬੱਚਿਆਂ ਲਈ ਲੜੀਬੱਧ ਵਰਕਸ਼ਾਪ ਲਗਾਉਣ ਦਾ ਉਦਮ ਕਰਨਗੇ।[9] ਪੰਜਾਬੀ ਨਾਟਕਕਾਰਾਂ ਦੁਆਰਾ ਵੱਖ ਵੱਖ ਵਿਸ਼ਿਆਂ ਆਧਾਰਿਤ ਬਾਲ ਨਾਟਕ ਲਿਖਿਆ ਗਿਆ ਜਿਵੇ :ਉਪਦੇਸ਼ਾਤਮਕਤਾ, ਬੱਚਿਆਂ ਨੂੰ ਵੱਖ ਵੱਖ ਖੇਤਰਾਂ ਦੀ ਜਾਣਕਾਰੀ ਦੇਣਾ, ਜੀਵਨ ਜਾਚ, ਅਨੁਸ਼ਾਸਨ, ਦੇਸ਼ ਪਿਆਰ, ਧਰਮ ਸਿੱਖਿਆ, ਨੈਤਿਕ ਸਿੱਖਿਆ, ਭਰਾਤਰੀਭਾਵ, ਜਨੌਰਾਂ, ਬ੍ਰਿਛਾਂ ਦਾ ਮਾਨਵੀਕਰਨ, ਵਾਤਾਵਰਨ ਚੇਤਨਾ, ਸਮਾਜਿਕ ਕੁਰੀਤੀਆਂ ਪ੍ਰਤੀ ਜਾਗਰੂਕ ਕਰਨ ਦਾ ਉਪਰਾਲਾ, ਸਿੱਖਿਆ ਦੇ ਨਵੇ ਨਵੇ ਪਾਸਾਰ ਸਿਰਜ਼ਣ ਦੀ ਕੋਸ਼ਿਸ਼ ਆਦਿ।

ਬਾਲਪਨ ਅਭੋਲ ਅਵਸਥਾ ਹੁੰਦੀ ਹੈ ਜਦੋਂ ਬਾਲਕ ਆਪਣੀ ਹੀ ਕਲਪਨਾ 'ਚ ਹੁੰਦਾ ਹੈ ਤੇ ਸਮਾਜਿਕ ਯਥਾਰਥਕਤਾ ਤੋਂ ਕੋਸਾਂ ਦੂਰ ਪਰ ਵਧਦੀ ਉਮਰ ਦੇ ਨਾਲ ਨਾਲ ਉਸ ਦੀ ਚੇਤਨਾ ਦੇ ਪਾਸਾਰ ਵੀ ਦ੍ਰਿਸ਼ਟੀਗੋਚਰ ਹੋਣ ਲੱਗਦੇ ਹਨ ।ਇਸ ਲਈ ਪੰਜਾਬੀ ਨਾਟਕਕਾਰਾਂ ਦੁਆਰਾ ਅਜਿਹੇ ਨਾਟਕ ਲਿਖੇ ਜਾ ਰਹੇ ਹਨ ਜਿਹੜੇ ਸਮਾਜ ਦੇ ਕੋੜੇ ਯਥਾਰਥ ਨਾਲ ਬੱਚਿਆਂ ਨੂੰ ਰੂ ਬ ਰੂ ਕਰਵਾਉਦੇ ਹੋਏ ਨੈਤਿਕ ਕਦਰਾਂ ਕੀਮਤਾਂ, ਧਰਮ ਅਤੇ, ਮਾਨਵੀ ਸਰੋਕਾਰਾਂ ਦੀ ਗੱਲ ਕਰਦੇ ਹਨ ।ਕਿਉਕਿ ਹਰ ਉਮਰ ਦੇ ਬੱਚੇ ਲਈ ਹਰੇਕ ਵਿਸ਼ਾ ਰੌਚਕ ਨਹੀਂ ਹੋ ਸਕਦਾ। ਇਸ ਲਈ ਬਾਲ ਨਾਟਕ ਰਚਨਾ ਦੇ ਅੰਤਰਗਤ ਉਮਰ ਵਰਗ ਨਿਰਧਾਰਿਤ ਹੋ ਸਕਦੇ ਹਨ:

1 ਤੋ 5 ਸਾਲ
6 ਤੋ 10 ਸਾਲ
11 ਤੋ 15 ਸਾਲ 10

ਉਪਰੋਕਤ ਉਮਰ ਵਰਗ ਅਨੁਸਾਰ ਬੱਚਿਆਂ ਦੀ ਸੋਚ, ਵਿਚਾਰ ਵਿਚਲੇ ਬਦਲਾਅ ਅਤੇ ਸਮਾਜਿਕ ਵਾਸਤਵਿਕਤਾ ਨਾਲ ਉਨ੍ਹਾਂ ਦਾ ਟਕਰਾਅ ਨਾਲ ਸੰਬੰਧਿਤ ਬਾਲ ਨਾਟਕ ਦੀ ਰਚਨਾ ਪੰਜਾਬੀ. ਨਾਟਕਕਾਰਾਂ ਦੇ ਨਾਟਕਾਂ ਦਾ ਵਿਸ਼ਾ ਹੈ। ਸਤਵੰਤ ਕੌਰ ਡਿੰਗਾ, ਸੰਤੋਸ਼ ਸਾਹਨੀ, ਰਮਾ ਰਤਨ, ਸਵਰਨਜੀਤ ਵਾਲੀਆ, ਦਵਿੰਦਰ ਕੌਰ, ਪ੍ਰਭਜੋਤ ਕੌਰ ਕੁਲਕਰਨੀ ਨਾਟਕਕਾਰਾਂ ਦੇ ਨਾਟਕਾਂ ਵਿਚ ਇਹ ਦੋਵੇ ਪੱਖ ਦੇਖੇ ਜਾ ਸਕਦੇ ਹਨ।

ਅਜਿਹੇ ਬਾਲ ਨਾਟਕ ਸਿਰਜੇ ਗਏ ਹਨ ਜਿਹੜੇ ਬੱਚਿਆਂ ਦੀ ਪ੍ਰਤਿਭਾ ਦੇ ਵਿਕਾਸ ਦਾ ਆਧਾਰ ਬਣ ਸਕਦੇ ਹਨ। ਪੰਜਾਬੀ ਬਾਲ ਨਾਟਕ ਕਈ ਪੱਧਰਾਂ ਤੇ ਰਚਿਆ ਮਿਲਦਾ ਹੈ। ਇਹ ਸਿੱਖਿਆ ਜਗਤ ਦਾ ਹਿੱਸਾ ਵੀ ਹੈ ਭਾਵ ਸਕੂਲ ਗਤੀਵਿਧੀਆਂ ਵਿਚ ਇਸ ਦਾ ਮਹੱਤਵ ਹੈ। ਪੱਛਮੀ ਮੁਲਕਾਂ ਵਿਚ ਤਾਂ ਸਕੂਲ ਗਤੀਵਿਧੀਆਂ ਦੇ ਤੌਰ ਤੇ ਇਸ ਸੰਬੰਧੀ ਵਿਸਤ੍ਰਿਤ ਕਾਰਜ ਵੀ ਹੋਇਆ ਹੈ। ਭਾਰਤ ਵਿਚ ਮੀਨਾ ਸਵਾਮੀਨਾਥਨ ਨੇ 'ਸਕੂਲ ਵਿਚ ਡਰਾਮਾ' ਨਾਂ ਦੀ ਪੁਸਤਕ ਵਿਚ ਸਕੂਲਾਂ ਵਿਚ ਨਾਟਕ ਦੇ ਮਹੱਤਵ ਸੰਬੰਧੀ ਵਿਸਤਾਰ ਸਿਰਜਨ ਦਾ ਯਤਨ ਵੀ ਕੀਕਿਉਂਕਿ ਬੱਚੇ ਖੇਡ-ਖੇਡ ਵਿਚ ਵਧੇਰੇ ਸਿੱਖਦੇ ਹਨ। ਘਰ ਮੁਢਲੀ ਇਕਾਈ ਹੈ ਜਿਹੜੀ ਸਮਸਭਿਆਚਾਰਕ ਨੇਮਾਂ ਦਾ ਪ੍ਰਬੰਧ ਸਿਖਾਉਂਦੀ ਹੈ, ਦੂਜਾ ਸਕੂਲ ਹੈ ਜਿੱਥੇ ਬੱਚਾ ਯਥਾਰਥ ਨਾਲ ਜੁੜਦਾ ਹੈ।

ਡਾ. ਪ੍ਰਭਜੋਤ ਕੌਰ ਕੁਲਕਰਣੀ ਦੁਆਰਾ ਰਚਿਤ ਬਾਲ ਨਾਟਕ 'ਸੋਹਣਾ ਬਸਤਾ'', 'ਜੋ ਪੀੜ ਪਰਾਈ ਜਾਨੇ ਰੇ', 'ਚਾਨਣ ਹੋਇਆ', 'ਸੱਚੀ ਆਜ਼ਾਦੀ', 'ਦੋ ਅੰਨ੍ਹੇ', 'ਭੁੱਲ ਸਮਾਜਿਕ ਯਥਰਾਥ ਨਾਲ ਵਧੇਰੇ ਜੁੜੇ ਹਨ ਅਤੇ ਇਨ੍ਹਾਂ ਨਾਟਕਕਾਰਾਂ ਦੀ ਕੋਸ਼ਿਸ਼ ਸਮਾਜ ਦੇ ਯਥਾਰਥ ਦਾ ਪ੍ਰਗਟਾਵਾ ਕਰਨ ਦੀ ਹੈ ਤਾਂ ਕਿ ਬੱਚਾ ਆਪਣੇ ਆਲੇ-ਦੁਆਲੇ ਦੇ ਪ੍ਰਭਾਵ ਦਾ ਬੋਝ ਆਪਣੇ ਮਨ 'ਤੇ ਪਾਉਣ ਦੀ ਥਾਂ ਵਸੀਲਾ ਸਿਰਜ ਸਕੇ। ਇਸਤਰੀ ਨਾਟਕਕਾਰਾਂ ਨੇ ਬਾਲ ਸਰੋਕਾਰਾਂ ਅਧੀਨ ਪੰਚਤੰਤਰ ਅਤੇ ਲੋਕ-ਕਹਾਣੀਆਂ ਆਧਾਰਿਤ ਨਾਟ-ਵਸਤੂ ਵੀ ਉਸਾਰੇ ਹਨ। ਇਉਂ ਪੰਜਾਬੀ ਬਾਲ-ਨਾਟਕ ਦੇ ਨਾਟ-ਵਸਤੂ ਦੀ ਉਸਾਰੀ ਲਈ

ਲੋਕ-ਕਹਾਣੀਆਂ, ਇਤਿਹਾਸ ਅਤੇ ਮਿਥਿਹਾਸ ਨੂੰ ਵੀ ਆਧਾਰ ਬਣਾਇਆ ਜਾਂਦਾ ਹੈ। ਇਸ ਲਈ ਪੰਚਤੰਤਰ ਦੀਆਂ ਕਹਾਣੀਆਂ ਵਿਚੋਂ ਨੀਤੀ ਕਥਾਵਾਂ ਜਿਨ੍ਹਾਂ ਨੂੰ ਬੱਚੇ ਬੜੀ ਰੋਚਿਕਤਾ ਨਾਲ ਸੁਣਦੇ ਤੇ ਮਾਣਦੇ ਹਨ। ਨੀਤੀ ਕਥਾਵਾਂ ਅਜਿਹੀਆਂ ਹੀ ਕਥਾਵਾਂ ਹਨ ਜੋ ਕਿਸੇ ਨਾ ਕਿਸੇ ਉਪਦੇਸ਼ ਜਾਂ ਸਿੱਖਿਆਂ ਨੂੰ ਸਮਝਾਉਣ ਹਿਤ ਉਸਰੀਆਂ ਹਨ। ਬੱਚਿਆਂ ਦੀ ਦੁਨੀਆਂ ਅਜਿਹੀਆਂ ਕਹਾਣੀਆਂ ਨੂੰ ਵਧੇਰੇ ਮਾਣਦੀ ਹੈ, ਜਿੱਥੇ ਫੁੱਲ ਹੱਸਦੇ ਹਨ, ਤੋਤੇ, ਕਬੂਤਰ ਕਾਂ ਬੋਲਦੇ ਹਨ। ਸੰਤੋਸ਼ ਸਾਹਨੀ ਦੇ ਲਗਭਗ ਸਾਰੇ ਨਾਟਕ ਪੰਚਤੰਤਰ ਦੀਆਂ ਨੀਤੀ ਕਥਾਵਾਂ ਉੱਤੇ ਆਧਾਰਿਤ ਹਨ ਜਿਨ੍ਹਾਂ ਵਿਚ ਨਾਟਕੀ ਸਰੋਕਾਰ ਸਿੱਖਿਆ ਦੇ ਉਦੇਸ਼ ਦੁਆਲੇ ਉਸਰਦਾ ਹੈ। ਸੰਤੋਸ਼ ਸਾਹਨੀ ਜਾਨਵਰਾਂ ਦੇ ਮਾਨਵੀਕਰਨ ਰਾਹੀਂ ਲਾਲਚ ਨਾ ਕਰਨ, ਕਿਸੇ ਨੂੰ ਧੋਖੇ ਨਾ ਦੇਣ ਤੇ ਝੂਠ ਨਾ ਬੋਲਣ ਦੇ ਨੈਤਿਕ ਨਿਯਮਾਂ ਨੂੰ ਸਮਝਾਉਣ ਦੀ ਕੋਸ਼ਿਸ਼ ਕਰਦੀ ਹੈ। 'ਰੰਗੀਲਾ ਗਿੱਦੜ', ਜਿਸ ਦਾ ਨਾਂ ਕੁਰਬਰ ਰਾਹੀਂ ਨਾਟਕਕਾਰ ਬੱਚਿਆਂ ਵਿਚ ਪਾਈਆਂ ਜਾਂਦੀਆਂ ਗ਼ਲਤ ਆਦਤਾਂ ਤੋਂ ਉਨ੍ਹਾਂ ਨੂੰ ਵਰਜਦੀ ਹੈ। ਲੇਕਿਨ ਨਾਟਕਕਾਰ ਨੇ ਅੰਤ ਸਵਾਦਲਾ ਸਿਰਜਿਆ ਹੈ। ਇਸ ਉਦੇਸ਼ ਦੀ ਪੂਰਤੀ ਲਈ ਨਾਟਕਕਾਰ ਸੂਤਰਧਾਰ ਰਾਹੀਂ ਲੋਭੀ ਗਿੱਦੜ ਦੀ ਹੋਣੀ ਸਿਰਜਦੀ ਹੈ। ਸ਼ੇਰਾਂ ਦੇ ਝੁੰਡ ਤੋਂ ਕੁਰਬਰ ਗਿੱਦੜ ਮਾਫ਼ੀ ਮੰਗਦਾ ਹੋਇਆ ਆਪਣੀ ਜਾਨ ਬਚਾਉਂਦਾ ਹੈ ਅਤੇ ਆਪਣੇ ਦੂਜੇ ਸਾਥੀਆਂ ਨਾਲ ਕੀਤੇ ਧੋਖੇ ਦੀ ਮਾਫ਼ੀ ਮੰਗਦਾ ਹੈ :

> ਕੁਰਬਰ : (ਹਾੜੇ ਤਰਲੇ ਕਰਦਾ ਤੇ ਚੀਕਦਾ ਹੋਇਆ)
> ਮੇਰੀ ਵਹੁਟੀ ਦੀ ਖਾਤਰ ਹੀ,
> ਮੇਰਿਆਂ ਬੱਚਿਆਂ ਦੇ ਖਾਤਰ ਹੀ,
> ਹਾਏ ਹੁਣ ਮੈਨੂੰ ਛੱਡ ਦਿਓ,
> ਵੀਰੋ ਮੈਥੇ ਰਹਿਮ ਕਰੋ।
> ਕਦੀ ਨਾ ਹੁਣ ਮੈਂ ਲੋਭ ਕਰਾਂਗਾ,
> ਹੁਣ ਮਿਹਨਤ ਦਾ ਹੀ ਖਾਵਾਂਗਾ।[11]

ਬਾਲ ਨਾਟਕ ਦੀ ਸਿਰਜਕ ਸੰਤੋਸ਼ ਸਾਹਨੀ ਆਪਣੇ ਬਾਲ ਨਾਟਕਾਂ ਵਿਚ ਜ਼ਿਆਦਾਤਰ ਜੰਗਲ ਵਿਚਲੇ ਕੁਝ ਮੁੱਖ ਜਾਨਵਰ ਪਾਤਰਾਂ ਦੀ ਵਰਤੋਂ ਕਰਕੇ ਸੂਤਰਧਾਰ ਦੀ ਸਹਾਇਤਾ ਨਾਲ ਬੱਚਿਆਂ ਨੂੰ ਉਪਯੋਗੀ ਸਿੱਖਿਆ ਦਿੰਦੀ ਹੈ। ਇਸੇ ਤਰ੍ਹਾਂ ਹੀ ਸੰਤੋਸ਼ ਸਾਹਨੀ ਦੇ ਤਿੰਨ ਬਾਲ ਨਾਟਕ 'ਚੂਹੀ ਕੁਮਾਰੀ', 'ਬਗਲਾ ਭਗਤ' ਤੇ 'ਰੰਗੀਲਾ ਗਿੱਦੜ' ਕੇਵਲ ਦਿਲਚਸਪ ਹੀ ਨਹੀਂ ਸਗੋਂ ਸਾਡੇ ਮਨੁੱਖੀ ਅਤੇ ਗੈਰ ਮਨੁੱਖੀ ਸੰਸਾਰ ਦੀਆਂ ਅਨੇਕਾਂ ਵਿਸ਼ੇਸ਼ਤਾਈਆਂ ਨੂੰ ਸਹਿਜ ਸੁਭਾਅ ਪ੍ਰਗਟਾਉਂਦੇ ਹਨ। ਲੋਕ ਕਹਾਣੀਆਂ, ਪੰਚਤੰਤਰ ਦੀਆਂ ਕਹਾਣੀਆਂ ਅਤੇ ਪਰੀ ਕਹਾਣੀਆਂ ਨੂੰ ਆਪਣੇ ਨਾਟਕਾਂ ਰਾਹੀਂ ਪੁਨਰ ਸਿਰਜਣ ਕਰਕੇ ਨਾਟਕਕਾਰ ਸੰਤੋਸ਼ ਸਾਹਨੀ ਨੇ ਬੱਝਵੇ ਰੂਪ ਵਿਚ ਪੇਸ਼ ਕੀਤਾ ਹੈ ਜਿਸ ਦਾ ਉਦੇਸ਼ ਕਹਾਣੀਆਂ ਵਿਚਲੀ ਬੋਧਿਕਤਾ ਨੂੰ ਬਾਲ-ਪਾਠਕ/ਦਰਸ਼ਕ ਤਕ ਸੰਚਾਰਿਤ ਕੀਤਾ ਜਾ ਸਕੇ। ਰਮਾ ਰਤਨ ਦੇ ਕੁਝ ਨਾਟਕਾਂ ਜਿਵੇਂ 'ਹਾਏ ਓਏ ਤੌਬਾ' (1988) ਤੇ 'ਚੂਹੇ ਦੀ ਟੋਪੀ' ਵਿਚ ਵੀ ਜਾਨਵਰਾਂ ਦੇ ਮਾਨਵੀਕਰਨ ਰਾਹੀਂ ਬੱਚਿਆਂ ਨੂੰ ਜੀਵਨ ਸੇਧ ਅਤੇ ਸਿੱਖਿਆ ਦੇਣ ਦਾ ਉਪਰਾਲਾ ਕੀਤਾ ਗਿਆ। ਇਹ ਪਾਸਾਰ ਧਰਮ, ਸਦਾਚਾਰ, ਨੈਤਿਕਤਾ, ਸੁਚੱਜੀ ਰਹਿਣੀ ਬਹਿਣੀ ਆਦਿ ਵਿਸ਼ਿਆ ਨੂੰ ਛੂੰਹਦੇ ਹੋਏ ਸਿੱਖਿਆ ਤੋਂ ਉਪਦੇਸ਼ ਵਿਚ ਪਰਿਵਰਤਿਤ ਹੁੰਦੇ ਹਨ। ਸਤਵੰਤ ਕੌਰ ਡਿੰਗਾ ਦਾ ਨਾਟਕ 'ਮਨ ਨੂੰ ਸਜ਼ਾ', ਅਜਿਹਾ ਹੀ ਨਾਟਕ ਹੈ ਜਿਸ ਵਿਚ ਮਨੁੱਖੀ ਮਨ ਨੂੰ ਦੁਨਿਆਵੀ ਖਾਹਿਸ਼ਾ ਤੋਂ ਮੁਕਤ ਰੱਖਣ ਦੀ ਸਿੱਖਿਆ ਦਿੱਤੀ ਗਈ ਹੈ। ਮਿਹਨਤ ਕਰਕੇ ਖਾਣ, ਲਾਲਚ ਨਾ ਕਰਨ, ਕਿਸੇ ਨੂੰ ਧੋਖਾ ਨਾ ਦੇਣ ਆਦਿ ਸਿੱਖਿਆਵਾਂ ਨੂੰ ਦਰਸਾਉਂਦੇ ਹਨ। ਬਾਲ-ਨਾਟਕ ਵਿਸ਼ੇਸ਼ ਸਥਾਨ ਰੱਖਦੇ ਹਨ। ਮਨੁੱਖੀ ਜ਼ਿੰਦਗੀ ਨਾਲ ਸੰਬੰਧਿਤ ਪ੍ਰਭਜੋਤ ਕੌਰ ਕੁਲਕਰਣੀ ਦੁਆਰਾ ਰਚਿਤ ਨਾਟਕ 'ਸੋਹਣਾ ਬਸਤਾ' ਦੂਜਿਆ ਦੇ ਕੰਮ ਆਉਣ ਦੀ ਅਨੋਖੀ ਮਿਸਾਲ ਸਥਾਪਿਤ ਕਰਦਾ ਹੈ। ਜਦ ਮੁੱਖ ਪਾਤਰ ਸੁਨੀਤਾ, ਜਿਹੜੀ ਬੜੇ ਚਾਅ ਨਾਲ ਸਕੂਲ ਕੰਪੀਟੀਸ਼ਨ ਲਈ ਬਸਤਾ ਤਿਆਰ ਕਰਦੀ ਹੈ, ਉਸੇ ਦਿਨ ਸੜਕ ਦੁਰਘਟਨਾ ਦਾ ਸ਼ਿਕਾਰ ਹੋਏ ਇਕ ਬਜ਼ੁਰਗ ਦੀ ਸਹਾਇਤਾ ਕਰਦੀ ਹੋਈ ਬਸਤਾ ਫਾੜ ਦਿੰਦੀ ਹੈ। ਲੇਕਿਨ ਪਰ ਉਸਦੀ ਆਪਣੀ ਨੇਕੀ ਕਰਕੇ ਸਕੂਲ ਦਾ ਇਨਾਮ ਉਸ ਨੂੰ ਹੀ ਮਿਲਦਾ ਹੈ ਅਤੇ ਉਸ ਦੀ ਪ੍ਰਿੰਸੀਪਲ ਨਿਮਨਲਿਖਤ ਸ਼ਬਦਾਂ ਨਾਲ ਸੰਬੋਧਨ ਕਰਦੇ ਹੋਏ ਉਸ ਨੂੰ ਇਹ ਇਨਾਮ ਦਿੰਦੀ ਹੈ :

> ਪ੍ਰਿੰਸੀਪਲ : (ਹੱਸਦੇ ਹੋਏ) ਮੈਨੂੰ ਹੁਣੇ-ਹੁਣੇ ਡੀ.ਐਸ.ਪੀ. ਸਾਹਿਬ ਦਾ ਫੋਨ ਆਇਆ ਸੀ, ਸੁਨੀਤਾ ਨੇ ਅੱਜ ਸਵੇਰੇ ਇਕ ਬੁੱਢੇ ਦੀ ਸੜਕ ਦੁਰਘਟਨਾ ਵਿਚ ਮਦਦ ਕੀਤੀ ਹੈ। ਸਭ ਤੋਂ ਖੁਸ਼ੀ ਦੀ ਗੱਲ ਇਹ ਹੈ ਕਿ ਇਸਨੇ ਆਪਣੇ ਨਵੇ ਬਸਤੇ ਦੀ ਪਰਵਾਹ ਨਾ ਕੀਤੇ ਬਗੈਰ, ਉਸਦੀ ਸੱਟ ਤੇ ਬਸਤੇ ਨੂੰ ਫਾੜ ਕੇ ਪੱਟੀ ਕੀਤੀ। ਦੂਜਾ ਇਨ੍ਹੇ ਸਕੂਟਰ ਵਾਲੇ ਦੀ ਸ਼ਿਕਾਇਤ ਥਾਣੇ ਵਿਚ ਲਿਖਵਾਈ, ਸਕੂਟਰ ਵਾਲਾ ਬੰਦਾ ਫੜਿਆ ਗਿਆ। ਸਭ ਤੋਂ ਸੋਹਣੇ ਬਸਤੇ ਦਾ ਸਪੈਸ਼ਲ ਇਨਾਮ ਅਸੀਂ ਸੁਨੀਤਾ ਨੂੰ ਦੇਵਾਂਗੇ।[12]

ਇਸ ਨਾਟਕ ਵਿਚ ਪੇਸ਼ ਦ੍ਰਿਸ਼ ਸਕੂਲ ਦੇ ਸੱਤਵੀਂ ਕਲਾਸ ਦੇ ਬੱਚਿਆਂ ਦਾ ਹੈ। ਅਧਿਆਪਕ ਦੁਆਰਾ ਮੁਹਾਵਰਾ 'ਨੇਕੀ ਦਾ ਭਲਾ ਨੇਕੀ' ਪੜਾਇਆ ਜਾਂਦਾ ਹੈ। ਸਕੂਲ ਅਧਿਆਪਕ ਸ਼ਾਸ਼ਤਰੀ ਜੀ ਇਸ ਦਾ ਅਰਥ ਸਮਝਾਉਂਦੇ ਹਨ ਅਤੇ ਸੁਨੀਤਾ ਉਸ ਤੇ ਅਮਲ ਵੀ ਕਰਦੀ ਹੈ। ਇਉਂ ਸਕੂਲੀ ਸਿੱਖਿਆ ਬੱਚਿਆਂ ਵਿਚ ਚੰਗੇਰੇ ਗੁਣਾਂ ਦਾ ਵਿਕਾਸ ਕਿਸ ਤਰ੍ਹਾਂ ਕਰ ਸਕਦੀ ਹੈ, ਨਾਟਕ ਵਿਚ ਇਸ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਬਿਆਨ ਕੀਤਾ ਗਿਆ ਹੈ।

ਇਸੇ ਪ੍ਰਕਾਰ ਨਾਟਕਕਾਰ ਨਵਰੀਤ ਕੌਰ ਰੰਧਾਵਾ ਦੇ ਵਿਅੰਗਾਤਮਕ ਬਾਲ ਨਾਟਕ 'ਸਰਕਾਰੀ ਸਕੂਲ' ਵਿਚ ਇਸ ਨਾਟਕ ਦੀ ਪਾਤਰ ਬਬਲੀ ਰਾਹੀਂ ਪੀਰੀਅਡ ਨਾ ਲੱਗਣ ਤੇ ਟਿੱਪਣੀ ਕਰਦਾ ਹੋਇਆ ਉਸ ਦੁਆਰਾ ਆਪਣੀ ਮੰਮੀ ਨੂੰ ਵੀ ਹੈਡ ਮਿਸਟ੍ਰੈਸ ਹੋਣ ਦੇ ਬਾਵਜੂਦ ਬੱਚਿਆਂ ਦੇ ਭਵਿੱਖ ਨਾਲ ਕੀਤੇ ਜਾ ਰਹੇ ਖਿਲਵਾੜ ਬਾਰੇ ਅਹਿਸਾਸ ਕਰਵਾਉਦਾ ਹੈ।

ਨਾਟਕਕਾਰ ਪ੍ਰਭਜੋਤ ਕੌਰ ਕੁਲਕਰਣੀ ਦਾ ਨਾਟਕ 'ਚਾਨਣ ਹੋਇਆ' ਮਨੁੱਖੀ ਜ਼ਿੰਦਗੀ ਵਿਚ ਵਿਦਿੱਆ ਦੀ ਮਹਾਨਤਾ ਨੂੰ ਦਰਸਾਉਣ ਦੇ ਨਾਲ ਨਾਲ ਰਾਜਸੀ ਸਰੋਕਾਰਾਂ ਦੀ ਪੇਸ਼ਕਾਰੀ

ਕਰਦਾ ਹੋਇਆ ਨਾਲ ਵੀ ਸੰਵਾਦ ਰਚਾਉਂਦਾ ਹੈ। ਨਾਟਕ ਭਾਈਚਾਰਕ ਏਕਤਾ ਦਾ ਪ੍ਰਮਾਣ ਦਿੰਦਾ ਹੋਇਆ ਇਕ ਪਲੇਟ ਫਾਰਮ ਦਾ ਦ੍ਰਿਸ਼ ਸਿਰਜਦਾ ਹੈ ਜਿੱਥੇ ਸ਼ੀਲੋ ਚਾਹ ਦੀ ਦੁਕਾਨ ਚਲਾਉਂਦੀ ਹੈ, ਸਤਬੀਰ ਕਿਤਾਬਾਂ ਦੀ ਸਟਾਲ ਤੇ ਜ਼ਮੀਲ ਮਿੱਟੀ ਦੇ ਭਾਂਡੇ ਵੇਚਦਾ ਹੈ ਇਹ ਲੋਕ ਵੱਖ-ਵੱਖ ਧਰਮ ਨਾਲ ਸੰਬੰਧਿਤ ਹਨ ਪਰ ਭਾਈਚਾਰਕ ਸਾਂਝ ਵਿਚ ਬੰਨ੍ਹੇ ਹੋਏ ਹਨ। ਆਪਣੀ ਆਪਣੀ ਸਮਝ ਅਤੇ ਹਾਲਾਤ ਅਨੁਸਾਰ ਸੰਵਾਦ ਰਚਾਉਂਦੇ ਹੋਏ। ਦੇਸ਼ ਦੇ ਹਾਲਾਤ ਤੇ ਟਿੱਪਣੀਆਂ ਉਨ੍ਹਾਂ ਦੇ ਵਾਰਤਾਲਾਪ ਰਾਹੀਂ ਪ੍ਰਗਟ ਹੁੰਦੀਆਂ ਹਨ।

ਸਵਰਨਜੀਤ ਵਾਲੀਆ ਨੇ ਆਪਣੇ ਬਾਲ ਨਾਟਕ 'ਨਿੱਕੇ-ਨਿੱਕੇ ਕਦਮ' ਵਿਚ ਆਤੰਕਵਾਦ ਜਿਹੀ ਗੰਭੀਰ ਰਾਸ਼ਟਰੀ ਤੇ ਅੰਤਰਰਾਸ਼ਟਰੀ ਸਮੱਸਿਆਂ ਨੂੰ ਉਸਾਰਿਆਂ ਹੈ ਕਿ ਕਿਸ ਪ੍ਰਕਾਰ ਛੋਟੇ ਬੱਚੇ ਵੀ ਇਨ੍ਹਾਂ ਦਹਿਸ਼ਤਗਰਦਾਂ ਦਾ ਸ਼ਿਕਾਰ ਹੋ ਜਾਂਦੇ ਹਨ। ਇਹ ਨਾਟਕ ਬੱਚਿਆਂ ਵਿਚ ਆਈ ਜਾਗ੍ਰਿਤੀ ਤੇ ਵੀ ਕੇਂਦਰਿਤ ਹੁੰਦਾ ਹੈ ਕਿ ਕਿਸ ਤਰ੍ਹਾਂ ਟੀਵੀ ਵਿਚਲੀਆਂ ਖਬਰਾਂ ਸੁਣ ਕੇ ਦੋਵੇ ਪਾਤਰ ਮੋਂਟੂ ਤੇ ਕਵਿਤਾ ਘਰੋਂ ਨਿਸ਼ਚੈ ਕਰਕੇ ਤੁਰਦੇ ਹਨ ਕਿ ਉਹ ਆਤਕਵਾਦੀਆਂ ਦੇ ਮਾਂ-ਬਾਪ ਨੂੰ ਮਿਲ ਕੇ ਸਮਝਾਉਣਗੇ ਕਿ ਉਹ ਉਨ੍ਹਾਂ ਨੂੰ ਜ਼ੁਲਮ ਕਰਨ ਤੋਂ ਰੋਕਣ। ਉਨ੍ਹਾਂ ਬੱਚਿਆਂ ਦੀ ਮਾਸੂਮੀਅਤ ਪਾਠਕਾਂ ਤੇ ਦਰਸ਼ਕਾਂ ਨੂੰ ਕੀਲਦੀ ਹੈ ਜਦ ਉਹ ਸੱਚ-ਮੁੱਚ ਹੀ ਆਤੰਕਵਾਦੀ ਦੇ ਹੱਥ ਆ ਜਾਂਦੇ ਹਨ । ਜਦ ਖ਼ਬਰਾਂ ਵਿਚ ਆਤੰਕਵਾਦੀਆਂ ਦੀ ਦਹਿਸ਼ਤ ਬਾਰੇ ਬੱਚੇ ਸੁਣਦੇ ਹਨ ਤਾਂ ਉਹ ਆਪਣੇ ਪਾਪਾ ਨੂੰ ਵੀ ਆਪਣੇ ਨਾਲ ਜਾਣ ਲਈ ਕਹਿੰਦੇ ਹਨ ਪਰ ਉਨ੍ਹਾਂ ਦੇ ਮੰਮੀ-ਪਾਪਾ ਵੱਲੋਂ ਉਨ੍ਹਾਂ ਦੀ ਸੋਚ ਦਾ ਮਖੌਲ ਉਡਾਇਆ ਜਾਂਦਾ ਹੈ ਲੇਕਿਨ ਬੱਚੇ ਸਮਝਦੇ ਹਨ ਕਿ ਉਹ ਸਭ ਕੁਝ ਕਰ ਸਕਦੇ ਹਨ ਤੇ ਦੋਨੋ ਭੈਣ-ਭਰਾ ਆਪਸ ਵਿਚ ਮਿਲ ਕੇ ਆਤਕਵਾਦੀਆਂ ਦੀ ਖੋਜ ਲਈ ਘਰੋ ਚਲੇ ਜਾਂਦੇ ਹਨ।

ਲੇਕਿਨ ਜਦ ਸੱਚਮੁੱਚ ਹੀ ਇਨ੍ਹਾਂ ਬਾਲ-ਪਾਤਰਾਂ ਦਾ ਟਕਰਾਅ ਆਤੰਕਵਾਦੀਆਂ ਨਾਲ ਹੋ ਜਾਂਦਾ ਹੈ ਤਾਂ ਬੱਚਿਆਂ ਦੀਆਂ ਸੁਲਝੀਆਂ ਤੇ ਮਾਸੂਮ ਗੱਲਾਂ ਸੁਣ ਕੇ ਆਤੰਕਵਾਦੀ ਆਪਣੀ ਪਿਸਤੌਲਾਂ ਧਰਤੀ ਤੇ ਸੁੱਟ ਦਿੰਦੇ ਹਨ।

ਬੱਚਿਆਂ ਦੁਆਰਾ ਆਧੁਨਿਕ ਸਮਾਜਿਕ ਕੁਰੀਤੀਆਂ ਨੂੰ ਬੜੀ ਗੰਭੀਰਤਾ ਨਾਲ ਲਿਆ ਜਾਂਦਾ ਹੈ ਪਰ ਜਦ ਮਾਪਿਆਂ ਦੁਆਰਾ ਉਨ੍ਹਾਂ ਦੇ ਸਵਾਲਾਂ ਦਾ ਜਵਾਬ ਸਹੀ ਤਰੀਕੇ ਨਾਲ ਨਹੀਂ ਦਿੱਤਾ ਜਾਂਦਾ ਜਾਂ ਫਿਰ ਬੱਚਿਆਂ ਤੋਂ ਕੁਝ ਲੁਕਾਉਣ ਦੀ ਕੋਸ਼ਿਸ਼ ਕਰਦਿਆਂ ਬੱਚਿਆਂ ਨੂੰ ਮਾਪਿਆਂ ਦੁਆਰਾ ਟਾਲਿਆ ਜਾਂਦਾ ਹੈ ਤਾਂ ਬੱਚਿਆਂ ਦੀ ਖੋਜ ਰੁਚੀ ਹੋਰ ਵਧ ਜਾਂਦੀ ਹੈ ਤੇ ਇੰਜ ਉਹ ਅਸੰਭਵ ਨੂੰ ਸੰਭਵ ਬਣਾਉਣਾ ਚਾਹੁੰਦੇ ਹਨ। ਦੇਸ਼ ਗੁਲਾਮ ਕਿਉ ਸੀ? ਕੀ ਹੁਣ ਸੱਚਮੁੱਚ ਆਜ਼ਾਦ ਹੈ? ਆਜ਼ਾਦੀ ਜਾਂ ਸੁਤੰਤਰਤਾ ਕੀ ਹੈ? ਇਉਂ ਨਾਟਕਕਾਰ ਨੇ ਆਧੁਨਿਕ ਨਿਜ਼ਾਮ ਵਿਚਲੀ ਗਿਰਾਵਟ ਨੂੰ ਬੱਚਿਆਂ ਦੀ ਮਾਨਸਿਕਤਾ ਅਨੁਸਾਰ ਵਰਤ ਕੇ 'ਸੱਚੀ ਆਜ਼ਾਦੀ' ਦੇ ਅਰਥ ਸਮਝਾਉਣ ਦੀ ਕੋਸ਼ਿਸ਼ ਕੀਤੀ ਹੈ। ਇਸੇ ਤਰ੍ਹਾਂ ਹੀ 'ਨਿੱਕੇ-ਨਿੱਕੇ ਕਦਮ' ਵਿਚ ਜਦ ਮੋਂਟੂ ਇੰਨਸਪੈਕਟਰ ਮਹੇਸ਼ ਨੂੰ ਪੁੱਛਦਾ ਹੈ ਕਿ ਉਹ ਆਪਣੇ ਨਾਂ ਪਿੱਛੇ 'ਸਿੰਘ' ਕਿਉਂ ਲਗਾਉਂਦੇ ਹਨ ਤਾਂ ਮੋਟੂ ਦਾ ਜਵਾਬ ਸਾਡੇ ਵੱਡਿਆਂ ਦਾ ਮੂੰਹ ਚਿੜ੍ਹਾਉਂਦਾ ਹੈ। ਕਿ ਅਸੀਂ ਉਨ੍ਹਾਂ ਨੂੰ ਧਰਮ ਦੀ ਪਰਿਭਾਸ਼ਾ ਵੀ ਸਹੀ ਨਹੀਂ ਦੇ ਰਹੇ। ਮਹੇਸ਼ ਸਿੰਘ ਦੁਆਰਾ ਦੱਸਣ ਤੇ ਕਿ ਉਹ ਸਿੱਖ ਧਰਮ ਨੂੰ ਮੰਨਦਾ ਹੈ ਇਸ ਕਾਰਨ ਸਿਰ 'ਤੇ ਵਾਲ ਰੱਖਦਾ ਹੈ ਤੇ ਪੱਗ ਬੰਨ੍ਹਦਾ ਹੈ ਤਾਂ ਮੋਟੂ ਦੀ ਧਰਮ ਪ੍ਰਤੀ ਉਤਸੁਕਤਾ ਵਧਦੀ ਹੈ :

ਮੋਟੂ : ਅੰਕਲ ਜਿਹੜੇ ਲੋਕਾਂ ਦੇ ਸਿਰ ਦੇ ਵਾਲ ਲੰਮੇ ਨਹੀਂ ਹੁੰਦੇ। ਪੱਗ ਵੀ ਨਹੀਂ ਬੰਨਦੇ ਉਹ?[13]

ਮਹੇਸ਼ ਦੁਆਰਾ ਕਹੇ ਜਾਣ ਤੇ ਕਿ ਉਹ ਹਿੰਦੂ ਧਰਮ ਨੂੰ ਮੰਨਦੇ ਹੋਣਗੇ ਤਾਂ ਮੋਟੂ ਦਾ ਜਵਾਬ ਬੜੀ ਹੀ ਅਸਚਰਜਤਾ ਨੂੰ ਵਧਾਉਂਦਾ ਹੈ :

ਮੋਟੂ : ਇਹੋ ਗੱਲ ਹੈ ਕਿ ਧਰਮ ਵਾਲਾਂ ਵਿਚ ਰਹਿੰਦਾ ਹੈ, ਠੀਕ ਹੈ ਨਾਂ ਅੰਕਲ?[14]

ਇਸੇ ਤਰ੍ਹਾਂ ਜਦ ਮੋਂਟੂ ਦੇ ਪਾਪਾ ਦੁਆਰਾ ਉਸਦੇ ਕੰਨ ਤੇ ਜ਼ੋਰ ਦੀ ਥੱਪੜ ਮਾਰ ਦੇਣ ਤੇ ਕੰਨ ਵਿਚੋਂ ਖੂਨ ਨਿਕਲਣ ਕਾਰਨ ਜਦ ਡਾਕਟਰ ਕੋਲ ਜਾਣਾ ਪਿਆ ਤਾਂ ਉਸ ਦੇ ਪਾਪਾ ਮਿਸਟਰ ਗੁਪਤਾ ਦੁਆਰਾ ਡਾਕਟਰ ਨੂੰ ਝੂਠ ਬੋਲਣ ਲਈ ਕਿਹਾ ਗਿਆ ਕਿ ਥੱਪੜ ਉਸਦੇ ਦੋਸਤ ਨੇ ਖੇਡ-ਖੇਡ ਵਿਚ ਮਾਰਿਆ ਹੈ। ਮੋਟੂ ਦੁਆਰਾ ਆਪਣੀ ਦੀਦੀ ਕਵਿਤਾ ਨੂੰ ਇਹ ਕਹਿਣਾ ਕਿ ਜੇਕਰ ਪਾਪਾ ਹੀ ਝੂਠ ਬੋਲਣਾ ਸਿਖਾਉਣ ਤਾਂ ਉਨ੍ਹਾਂ ਨੂੰ ਕੌਣ ਡਾਂਟੇ?

ਵੱਡਿਆ ਦੀਆਂ ਲਾਪਰਵਾਹੀਆਂ ਕਿਸ ਤਰ੍ਹਾਂ ਬੱਚਿਆਂ ਦੇ ਮਨ ਵਿਚ ਰੋਸ ਪੈਦਾ ਕਰਦੀਆਂ ਹਨ ਇਸ ਦਾ ਚਿਤਰਨ ਨਾਟਕਕਾਰ ਨੇ ਕੀਤਾ ਹੈ।

ਇਸੇ ਪ੍ਰਕਾਰ ਨਾਟਕਕਾਰ ਪ੍ਰਭਜੋਤ ਕੌਰ ਨੇ ਆਧੁਨਿਕ ਜੀਵਨ ਦੀਆਂ ਜਟਿਲਤਾਵਾਂ ਨਾਲ ਵਾਬਸਤਾ ਨਾਟਕ ਦੀ ਰਚਨਾ ਕੀਤੀ ਹੈ। ਆਪਣੇ ਬਾਲ-ਨਾਟਕ 'ਪੀੜ ਪਰਾਈ ਜਾਨੇ ਰੇ', 'ਚਾਨਣ ਹੋਇਆ', 'ਸੱਚੀ ਆਜ਼ਾਦੀ', 'ਭੁੱਲ ਗਈ' ਆਦਿ ਨਾਟਕ ਬੱਚਿਆਂ ਦੀ 6 ਤੋਂ 10 ਅਤੇ 11 ਸਾਲ ਤੋਂ 15 ਸਾਲ ਤਕ ਦੀ ਉਮਰ ਅਨੁਸਾਰ ਸਿਰਜੇ ਅਤੇ ਸਕੂਲ ਪੱਧਰ ਤੇ ਖਿਡਵਾਏ ਵੀ ਹਨ। ਨੂੰ ਨਹੀਂ ਛੂੰਹਦੇ ਸਗੋਂ ਘਰ, ਪਰਿਵਾਰ, ਸਕੂਲ ਅਤੇ ਆਲੇ-ਦੁਆਲੇ ਦੀਆਂ ਅਜਿਹੀਆਂ ਕੁਰੀਤੀਆਂ ਪ੍ਰਤੀ ਬੱਚਿਆਂ ਨੂੰ ਜਾਗਰੂਕ ਕਰਨ ਦਾ ਉਪਰਾਲਾ ਕਰਦੇ ਹਨ ਤਾਂ ਜੋ ਉਹ ਸਮਾਜਿਕ ਪ੍ਰਤੀਕਰਮਾਂ ਪ੍ਰਤੀ ਆਪਣੀਆਂ ਗਲਤ ਧਾਰਨਾਵਾਂ ਬਣਾਉਣ ਦੀ ਥਾਂ ਚੰਗਿਆਈ-ਬੁਰਾਈ, ਜਿੱਤ-ਹਾਰ, ਆਪਣਾ-ਪਰਾਇਆ, ਮਨੁੱਖੀ ਮਨ ਦੀ ਅਸ਼ਾਂਤੀ ਅਤੇ ਭਟਕਣ ਆਦਿ ਤੋਂ ਇਲਾਵਾ ਧਰਮ, ਭਰਾਤਰੀ ਭਾਵ ਅਤੇ ਦੇਸ਼ ਦੀ ਆਜ਼ਾਦੀ, ਮਨੁੱਖੀ ਦੀ ਸੁਤੰਤਰਤਾ ਆਦਿ ਲਫ਼ਜ਼ਾਂ ਦੇ ਅਰਥ ਸਮਝ ਸਕਣ। ਇਉਂ ਨਾਟਕਕਾਰ ਬਜੁਰਗਾਂ ਦੀ ਇੱਜ਼ਤ, ਵੱਡਿਆਂ ਦਾ ਸਤਿਕਾਰ, ਚੌਗਿਰਦੇ ਦੀ ਮਨੁੱਖੀ ਜੀਵਨ ਵਿਚ ਮਹੱਤਤਾ ਆਦਿ ਪੱਖਾਂ ਨੂੰ ਦਰਸਾਉਣ ਲਈ ਵੱਖ-ਵੱਖ ਨਾਟਕ ਸਿਰਜਦੀ ਹੈ।

ਇਸਤਰੀ ਨਾਟਕਕਾਰਾਂ ਦੇ ਨਾਟਕਾਂ ਵਿਚ ਅਧੁਨਿਕ ਜੀਵਨ ਸ਼ੈਲੀ ਦਾ ਬੱਚਿਆਂ ਤੇ ਪਏ ਘਾਤਕ ਪ੍ਰਭਾਵਾਂ ਨੂੰ ਵੀ ਬਾਲ ਸਰੋਕਾਰਾਂ ਵਜੋਂ ਉਸਾਰਿਆ ਗਿਆ ਹੈ। ਆਧੁਨਿਕਤਾ ਦੇ ਦੌਰ ਵਿਚ ਜਿੱਥੇ ਮਾਂ-ਬਾਪ ਦੋਵੇ ਹੀ ਨੌਕਰੀ ਕਰਦੇ ਹਨ ਉਥੇ ਘਰ

ਵਿਚ ਬਜ਼ੁਰਗਾਂ ਦੀ ਅਣਹੋਂਦ ਹੈ। ਅਜਿਹੇ ਹਾਲਾਤ ਵਿਚ ਬੱਚਿਆਂ ਦੁਆਰਾ ਗਲਤ ਸੰਗਤ ਵਿਚ ਪੈਣਾ ਸੁਭਾਵਿਕ ਹੈ। ਇਸ ਸਥਿਤੀ ਵਿਚ ਮਾਂ-ਬਾਪ ਪ੍ਰਤੀ ਗਲਤ ਧਾਰਨਾ ਬਣਾ ਲੈਣ ਜਿਹਾ ਘਾਤਕ ਸੋਚ ਦਾ ਸ਼ਿਕਾਰ ਬੱਚੇ ਕਿਉਂ ਹੁੰਦੇ ਹਨ? ਇਸ ਦੀ ਡੂੰਘਾਈ ਨਾਲ ਪੇਸ਼ਕਾਰੀ ਦਵਿੰਦਰ ਕੌਰ ਦੇ ਇਕਾਂਗੀਆਂ 'ਬਾਘੜ ਬਿੱਲਾ' ਅਤੇ 'ਮਾਸੂਮੀਅਤ ਦੇ ਕਾਤਲ' ਵਿਚ ਮਿਲਦੀ ਹੈ।

ਨਾਟਕਕਾਰ ਦਵਿੰਦਰ ਕੌਰ ਦੇ ਇਨ੍ਹਾਂ ਇਕਾਂਗੀਆਂ ਨੂੰ ਬਾਲ ਨਾਟਕ ਤਾਂ ਨਹੀਂ ਕਿਹਾ ਜਾ ਸਕਦਾ ਪਰ ਇਨ੍ਹਾਂ ਨਾਟਕਾਂ ਵਿਚ ਬੱਚਿਆਂ ਦੀ ਮਾਨਸਿਕਤਾ ਨੂੰ ਉਭਾਰਨ ਵਿਚ ਵੱਡਿਆਂ ਦੁਆਰਾ ਕੀਤੀਆਂ ਜਾ ਰਹੀਆਂ ਅਣਗਹਿਲੀਆਂ ਜਾਂ ਫਿਰ ਅਜੋਕੀ ਮਾਡਰਨ ਜੀਵਨ-ਜਾਚ ਦਾ ਘਾਤਕ ਪ੍ਰਭਾਵ ਸਿਰਜਣ ਲਈ ਨਾਟਕਕਾਰ ਨੇ ਬੱਚਿਆਂ ਦੀ ਮਾਨਸਿਕਤਾ ਦਾ ਪ੍ਰਗਟਾਵਾ ਜ਼ਰੂਰ ਕੀਤਾ ਹੈ। 'ਬਾਘੜ ਬਿੱਲਾ' ਇਕਾਂਗੀ ਦੀ ਪਾਤਰ ਡੌਲੀ (ਉਮਰ 10-12 ਸਾਲ) ਦੁਆਰਾ ਆਪਣੇ ਪਾਪਾ ਵੱਲੋਂ ਉਸ ਨੂੰ ਟਾਇਮ ਨਾ ਦੇਣਾ, ਘਰ ਆ ਕੇ ਦਫਤਰ ਦਾ ਬੋਝ ਲੈ ਕੇ ਬੈਠ ਜਾਣਾ, ਲਗਾਤਾਰ ਲੜਾਈ ਝਗੜਾ ਤੇ ਤਣਾਅ ਦਾ ਘਰੇਲੂ ਮਾਹੌਲ ਸਿਰਜਣਾ ਅਤੇ ਪਾਪਾ ਦੁਆਰਾ ਸ਼ਰਾਬ ਪੀ ਕੇ ਲੇਟ ਘਰ ਆਉਣਾ, ਆਪਣੀ ਇਸ ਜੀਵਨ ਸ਼ੈਲੀ ਨੂੰ ਨਵੇਂ ਜ਼ਮਾਨੇ ਦਾ ਨਾਮ ਦੇਣਾ ਆਦਿ ਪੱਖ ਡੌਲੀ ਦੇ ਬਾਲ ਮਨ ਵਿਚ ਇਕੱਲਤਾ ਅਤੇ ਉਦਰੇਵਾ ਪੈਦਾ ਕਰਦੇ ਹਨ। ਡੌਲੀ ਦੀ ਮੰਮੀ ਭਾਵੇ ਕਹਾਣੀਆਂ ਦੁਆਰਾ ਉਸ ਨੂੰ ਸਮਝਾਉਣ ਅਤੇ ਖੁਸ਼ ਕਰਨ ਦੀ ਕੋਸ਼ਿਸ਼ ਕਰਦੀ ਹੈ ਪਰ ਡੌਲੀ ਕਹਾਣੀ ਵਿਚਲੇ 'ਬਾਘੜ ਬਿੱਲੇ' ਦੀ ਤੁਲਨਾ ਆਪਣੇ ਪਾਪਾ ਨਾਲ ਕਰਦੀ ਹੈ ਜੋ ਬਿੱਲੀਆਂ ਨੂੰ ਤੰਗ ਪ੍ਰੇਸ਼ਾਨ ਕਰਦਾ ਹੈ।

ਅਕਸਰ ਬੱਚਿਆਂ ਦੁਆਰਾ ਮਾਂ-ਬਾਪ ਤੋਂ ਚੋਰੀ ਗ਼ਲਤ ਸੰਗਤ ਦਾ ਆਸਰਾ ਕਿਉਂ ਲਿਆ ਜਾਂਦਾ ਹੈ, ਇਸ ਨੂੰ ਨਾਟਕਕਾਰ ਦਵਿੰਦਰ ਕੌਰ 'ਮਾਸੂਮੀਅਤ ਦੇ ਕਾਤਲ' ਨਾਟਕ ਵਿਚ ਬਾਲ ਪਾਤਰ 'ਕਿੱਟੀ' ਰਾਹੀਂ ਦਰਸਾਉਦੀ ਹੈ। ਮਾਹੌਲ ਬੱਚਿਆਂ ਨੂੰ ਕੁਰਾਹੇ ਪਾਉਂਦਾ ਹੈ। ਨਾਟਕਕਾਰ ਕਿ ਕਿਸ ਤਰ੍ਹਾਂ ਮਾਂ-ਧੀ ਦਾ ਰਿਸ਼ਤਾ, ਜੋ ਕਿ ਸਹੇਲੀਆਂ ਵਾਲਾ ਹੁੰਦਾ ਹੈ, ਉਹਲੇ ਦਾ ਰੂਪ ਧਾਰਨ ਕਰ ਲੈਂਦਾ ਹੈ। ਨਾਟਕਕਾਰ ਸਮਾਜ ਤੇ ਤਿੱਖਾ ਵਿਅੰਗ ਕਰਦਿਆਂ ਕਿਹਾ ਹੈ ਕਿ ਅਸੀਂ ਬੱਚਿਆਂ ਨੂੰ ਇਕੱਲਤਾ ਤੋਂ ਬਿਨਾਂ ਕੁਝ ਨਹੀਂ ਦੇ ਰਹੇ। ਅਸੀਂ ਧਨ ਦੀ ਪ੍ਰਾਪਤੀ ਲਈ ਬਾਹਰ ਰਹਿੰਦੇ ਹਾਂ ਤੇ ਸਾਡਾ ਅਸਲੀ ਧਨ ਭਾਵ ਸਾਡਾ ਬੱਚਾ ਤੋਂ ਦੂਰ ਜਾ ਰਿਹਾ ਹੈ। ਕਿੱਟੀ ਇਕੱਲਤਾ ਹੰਢਾਉਦੀ ਹੋਈ ਛੋਟੀ ਉਮਰ ਵਿਚ ਟੈਡੀ ਨਾਲ ਗੱਲਾਂ ਕਰਦੀ ਹੈ ਪਰ ਵੱਡੀ ਹੋਣ ਤੇ ਉਹ ਫੋਨ ਉੱਤੇ ਕਿਸੇ ਨੂੰ ਆਪਣਾ ਦੋਸਤ ਬਣਾ ਲੈਂਦੀ ਹੈ। ਇਸ ਸਥਿਤੀ ਬਾਰੇ ਨਾਟਕਕਾਰ ਨੇ ਸੂਤਰਧਾਰ ਰਾਹੀਂ ਆਧੁਨਿਕ ਜੀਵਨ ਸ਼ੈਲੀ ਨੂੰ ਦੋਸ਼ੀ ਕਰਾਰ ਦਿੱਤਾ ਹੈ । ਉਨ੍ਹਾਂ ਮਾਪਿਆਂ ਕੋਲ ਸਮਾਂ ਨਹੀਂ ਕਿ ਉਹ ਆਪਣੇ ਦੇਸ਼ ਤੇ ਸਭਿਆਚਾਰ ਪ੍ਰਤੀ ਉਨ੍ਹਾਂ ਨੂੰ ਸਿੱਖਿਆ ਦੇ ਸਕਣ। ਅਸਲ ਵਿਚ ਦਵਿੰਦਰ ਕੌਰ, ਪ੍ਰਭਜੋਤ ਕੌਰ, ਕੁਲਕਰਨੀ ਅਤੇ ਸਵਰਨਜੀਤ ਵਾਲੀਆਂ ਤਿੰਨੇ ਨਾਟਕਕਾਰ ਅਧਿਆਪਨ ਕਾਰਜ ਨਾਲ ਸੰਬੰਧਤ ਹਨ ਅਤੇ ਸਮੇਂ-ਸਮੇਂ ਆਪਣੇ ਸਕੂਲਾਂ ਅਤੇ ਨਾਟਕ ਵਰਕਸ਼ਾਪ ਦੌਰਾਨ ਬੱਚਿਆਂ ਦੁਆਰਾ ਨਾਟਕਾਂ ਨੂੰ ਰੰਗਮੰਚੀ ਛੋਹ ਵੀ ਦਿੰਦੀਆਂ ਹਨ।

ਨਾਟਕਕਾਰਾਂ ਦੁਆਰਾ ਸਿਰਜੇ ਬਾਲ ਨਾਟਕ, ਬਾਲ ਸਰੋਕਾਰਾਂ ਨੂੰ ਉਸਾਰਦੇ ਹੋਏ, ਗੈਰਮਨੁੱਖੀ ਸਮਾਜ ਅਤੇ ਸਭਿਆਚਾਰ ਦੀਆਂ ਛੋਹਾਂ ਦੇ ਨਾਲ ਨਾਲ ਸਾਡੇ ਮਨੁੱਖੀਂ ਅਤੇ ਸੰਸਾਰ ਦੀਆਂ ਅਨੇਕਾਂ ਵਿਸ਼ੇਸ਼ਤਾਈਆਂ ਨੂੰ ਸਿਰਜਦੇ ਹਨ। ਬਾਲ ਮਨਾਂ ਨੂੰ ਜੀਵਨ ਅਤੇ ਸਮਾਜ ਦੇ ਕੌੜੇ ਯਥਾਰਥ ਨੂੰ ਸਮਝਾਉਣ ਦਾ ਉਪਰਾਲਾ ਕਰਦਿਆਂ ਇਹ ਨਾਟਕ ਸੁਖਮਤਾ ਨਾਲ ਆਪਣੇ ਮਨੋਰਥ ਨੂੰ ਸਿੱਧ ਕਰਦੇ ਹਨ। ਨਵਰੀਤ ਕੌਰ ਰੰਧਾਵਾ ਦੁਆਰਾ ਰਚਿਤ ਨਾਟਕ 'ਸਰਕਾਰੀ ਸਕੂਲ' (1990) ਦੀ ਪਾਤਰ ਕੇਵਲ ਆਪਣੇ ਸਕੂਲ ਦੇ ਅਧਿਆਪਕ ਵੱਲੋਂ ਪੀਰੀਅਡ ਨਾ ਲਾਉਣ ਤੇ ਟਿੱਪਣੀ ਹੀ ਨਹੀਂ ਕਰਦੀ ਸਗੋਂ ਆਪਣੀ ਹੈੱਡ ਮਿਸਟਰੈਸ ਮਾਂ ਨੂੰ ਵੀ ਅਹਿਸਾਸ ਕਰਵਾਉਂਦੀ ਹੈ ਕਿ ਉਸ ਦੇ ਸਕੂਲ ਵਿਚ ਪੀਰੀਅਡ ਨਹੀਂ ਲੱਗਦੇ। ਇਹ ਬਾਲ ਨਾਟਕ ਆਪਣੇ ਵਸਤੂ-ਜਗਤ ਦੀ ਉਸਾਰੀ ਵਿਚ ਇਕ ਪਾਸੇ ਬਾਲ ਮਨ ਨੂੰ ਸਮਝਾਉਣ ਦੀ ਯਤਨ ਕਰਦੇ ਹਨ ਦੂਜੇ ਪਾਸੇ ਸਮਾਜ ਅਤੇ ਜੀਵਨ ਪ੍ਰਤੀ ਉਨ੍ਹਾਂ ਨੂੰ ਸਮਝਾਉਣ ਅਤੇ ਸਮਝਣ ਦਾ ਉਪਰਾਲਾ ਸਿਰਜਦੇ ਹਨ। ਜਿਸ ਨਾਲ ਬੱਚਿਆਂ ਦੇ ਮਨ ਵਿਚ ਪਨਪਦੀਆਂ ਇੱਛਾਵਾਂ, ਉਮੰਗਾਂ, ਕਲਪਨਾਵਾਂ ਅਤੇ ਹਿੱਚਕਚਾਹਟ ਨੂੰ ਬਾਹਰ ਲਿਆਉਣ ਅਤੇ ਉਨ੍ਹਾਂ ਦੀ ਪੂਰਤੀ ਜਾਂ ਸੰਤੁਸ਼ਟੀ ਲਈ ਬਾਹਰ ਦੇ ਯਥਾਰਥ ਨੂੰ ਕਸ਼ੀਦ ਕੇ ਕਲਾਤਮਕ ਵਿਧੀ ਰਾਹੀਂ ਉਨ੍ਹਾਂ ਦੇ ਮਨ ਤਕ ਪਹੁੰਚਾਉਣ ਦੀ ਕਿਰਿਆ ਸਿਰਜਦੇ ਹਨ।

ਅਧਿਆਪਨ ਹੀ ਅਜਿਹੀ ਕਾਰਜਸ਼ੀਲਤਾ ਸਿਰਜ ਸਕਦਾ ਹੈ ਜਿੱਥੇ ਉਹ ਬੱਚਿਆਂ ਭਾਵ ਵਿਦਿਆਰਥੀਆਂ ਨੂੰ ਸੰਗਠਿਤ ਕਰਕੇ ਨਿਰਦੇਸ਼ਨ ਅਤੇ ਨਿਯੰਤਰਣ ਰਾਹੀਂ ਜ਼ਰੂਰੀ ਸਾਧਨ ਅਤੇ ਸੂਚਨਾਵਾਂ, ਉਪਦੇਸ਼ ਮੁਹੱਈਆ ਕਰਨ ਦੀ ਸੰਭਾਵਨਾ ਸਿਰਜ ਸਕੇ । ਬੱਚੇ ਕੋਰੀ ਸਲੇਟ ਵਾਂਗ ਹੁੰਦੇ ਹਨ ਤੇ ਉਹੀ ਰੰਗ ਕਬੂਲ ਲੈਂਦੇ ਹਨ ਜੋ ਪਿਆਰ ਤੇ ਸ਼ਾਤੀ ਨਾਲ ਚੜ੍ਹਾਇਆ ਜਾਵੇ ।ਇਉਂ ਬਾਲ-ਮਨ ਤੇ ਪਏ ਪ੍ਰਭਾਵ ਬਹੁਤੀ ਵਾਰ ਵਿਅਕਤੀ ਦੇ ਸਾਰੇ ਜੀਵਨ ਵਿਵਹਾਰ ਦਾ ਅਹਿਲ ਆਧਾਰ ਬਣ ਜਾਂਦੇ ਹਨ। ਇਸ ਲਈ ਬਾਲਾਂ ਲਈ ਸਾਹਿਤ ਲਿਖਦਿਆਂ ਲੇਖਕ ਨੂੰ ਬੜਾ ਚੇਤੰਨ ਹੋਣਾ ਪੈਂਦਾ ਹੈ। ਇਸ ਕਾਰਜ ਨੂੰ ਪੰਜਾਬੀ ਨਾਟਕਕਾਰਾਂ ਦੁਆਰਾ ਬੜੀ ਸਹਿਜਤਾ ਨਾਲ ਨਿਭਾਇਆ ਗਿਆ ਹੈ। ਬੱਚਿਆਂ ਵਿਚ ਨੈਤਿਕ ਗੁਣਾ ਦਾ ਵਿਕਾਸ ਸਹਿਜੇ ਹੀ ਕੀਤਾ ਜਾ ਸਕਦਾ ਹੈ, ਜੇਕਰ ਉਹਨਾਂ ਨੂੰ ਸਾਹਿਤ ਪੜ੍ਹਨ ਅਤੇ, ਮਾਨਣ ਲਈ ਪ੍ਰਰਿਤ ਕੀਤਾ ਜਾਵੇ । ਬੱਚੇ ਸਾਡਾ ਭਵਿੱਖ ਹਨ ਜਿਨ੍ਹਾਂ ਨੇ ਹੀ ਚੰਗੇ, ਸੁਹਿਰਦ ਨਾਗਰਿਕ ਬਣਨਾ ਹੈ।ਮਾਨਵਵਾਦੀ ਸਮਾਜ ਦੀ ਸਿਰਜਣਾ ਹਿੱਤ ਮਾਨਵੀ ਸਰੋਕਾਰਾਂ, ਅਤੇ ਸਦਾਚਾਰਕ ਸਿੱਖਿਆ ਦੇ ਉਪਰਾਲੇ ਸਿਰਜਣਾ ਸਾਡਾ ਸਭ ਦਾ ਨੈਤਿਕ ਕਰਤੱਵ ਹੈ।

## ਟਿੱਪਣੀਆਂ ਤੇ ਹਵਾਲੇ


1. Webster's Third New International Dictionary, p 1469.
2. W. H. Hudon, An Introduction to Study of Literature, Doaba House, Delhi 1974, p. 11-15.
3. ਸੁਰਜੀਤ ਸਿੰਘ ਖੱਟੜਾ, ਸਾਹਿਤ ਅਤੇ ਸਮਾਜਿਕ ਚੇਤਨਾ, ਲੋਕ ਗੀਤ ਪ੍ਰਕਾਸ਼ਨ, ਚੰਡੀਗੜ 2007, ਪੰਨਾ 25।

4. ਭਰਤਮੁਨੀ :ਨਾਟਯ-ਸ਼ਾਸਤਰ, (ਅਨੁਵਾਦਕ ਰਘੁਵੰਸ) ਗੌਂ: ਅਸੀ ਬੜੌਂਦਾ, 1980 ਸਲੋਕ 112
5. ਭੂਮਿਕਾ, ਡਾ ਪਰਮਜੀਤ, ਵਰਮਾ, ਪੰਜਾਬੀ ਬਾਲ ਨਾਟਕ ਸਰਵੇਖਣ ਮੁਲਾਕਣ, ਸ਼ਿਲਾਲੇਖ ਬੁਕਸ, ਦਿਲੀ, 2000
6. ਦਰਸ਼ਨ ਸਿੰਘ ਆਸ਼ਟ, ਪੰਜਾਬੀ ਬਾਲ ਸਾਹਿਤ ਦਾ ਅਲੋਚਨਾਤਮਕ ਮੁਹਾਂਦਰਾ, ਰਵਿਦਾਸ ਬਾਲ ਸਾਹਿਤ ਪ੍ਰਕਾਸ਼ਨ, ਘੱਗਾ(ਪਟਿਆਲਾ) 1993, ਪੰਨਾ 45
7. ਸਤੀਸ਼ ਕੁਮਾਰ ਵਰਮਾ, ਪੰਜਾਬੀ ਨਾਟਕ ਪ੍ਰਗਤੀ ਤੇ ਪਾਸਾਰ, ਕ੍ਰਿਤੀ ਪ੍ਰਕਾਸ਼ਨ, ਦਿੱਲੀ, 2003, ਪੰਨਾ 95,
8. ਉਹੀ, ਪੰਨਾ 95
9. ਟਿੱਪਣੀ, ਰੰਗਕਰਮੀ ਕ੍ਰਿਤੀ ਕ੍ਰਿਪਾਲ ਜੀ ਤੋ ਬਠਿੰਡਾ ਅਤੇ ਇਸ ਦੇ ਆਲੇ -ਦੁਆਲੇ ਦੇ ਖੇਤਰਾਂ ਵਿਚ ਹੋਈਆਂ ਬਾਲ ਨਾਟਕ ਦੀਆਂ ਪੇਸ਼ਕਾਰੀਆਂ ਬਾਰੇ ਲਈ ਜਾਣਕਾਰੀ ਦੇ ਆਧਾਰ ਉੱਤੇ।
10. ਸਤੀਸ਼ ਕੁਮਾਰ ਵਰਮਾ, ਪੰਜਾਬੀ ਨਾਟਕ ਪ੍ਰਗਤੀ ਤੇ ਪਾਸਾਰ, ਕ੍ਰਿਤੀ ਪ੍ਰਕਾਸ਼ਨ, ਦਿੱਲੀ, 2003, ਪੰਨਾ 95।
11. ਸੰਤੋਸ਼ ਸਾਹਨੀ, ਕੁਰਬਰ ਤੇ ਚੁਰਬਰ, ਨਾਨਕ ਸਿੰਘ ਪੁਸਤਕਾਲਾ, ਅੰਮ੍ਰਿਤਸਰ 1982, ਪੰਨਾ -39
12. ਪ੍ਰਭਜੋਤ ਕੌਰ ਕੁਲਕਰਨੀ, ਚਾਨਣ ਹੋਇਆ ਤੇ ਹੋਰ ਬਾਲ ਨਾਟਕ, ਸ਼ਿਲਾਲੇਖ ਬੁਕਸ, ਦਿੱਲੀ2001 ਪੰਂਨਾ- 27
13. ਸਵਰਨਜੀਤ ਵਾਲੀਆ, ਨਿੱਕੇ ਨਿੱਕੇ ਕਦਮ, ਮਨਪ੍ਰੀਤ ਪ੍ਰਕਾਸ਼ਨ ਦਿੱਲੀ, ਜੁਲਾਈ 2000, ਪੰਨਾ-52
14. ਉਹੀ ਪੰਨਾ 26